A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615



The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar



Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253



Vol: 12 No: 265 Website : www.punjabiakhbaar.ca Email: editor@punjabiakhbaar.ca Friday, 11 April 2025


# ਕੈਨੇਡਾ ਵੱਲੋਂ ਗ਼ੈਰਕਾਨੂੰਨੀ 16,470 ਪ੍ਰਵਾਸੀਆਂ ਨੂੰ ਕੱਢਿਆ ਗਿਆ

## ਓਨਟਾਰੀਓ ਵਿੱਚ ਬਿਜਨਸ ਮਾਲਕ ਨੂੰ ਚਾਰ ਲੱਖ ਡਾਲਰ ਦਾ ਜੁਰਮਾਨਾ



ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਤੋਂ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਪਰਵਾਸੀਆਂ ਦੇ ਜਹਾਜ ਭਰ ਭਰ ਕੇ ਭੇਜੇ ਜਾਣ ਤੋਂ ਬਾਦ ਹੁਣ ਕੈਨੇਡਾ ਵੱਲੋਂ ਵੀ ਕੈਨੇਡਾ ਵਿੱਚ ਗ਼ੈਰਕਾਨੂੰਨੀ ਕਾਮਿਆਂ ਤੇ ਬਿਜਨਿਸ ਕੰਪਨੀਆਂ ਤੇ ਸਖ਼ਤ ਸਿਕੰਜਾ ਕੱਸਿਆ ਗਿਆ ਹੈ।ਇਸ ਵਿੱਚ ਜ਼ਿਆਦਾਤਰ ਲੋਕ ਉਹ ਹਨ ਜੋਂ ਗੈਰ ਕਾਨੂੰਨੀ ਢੰਗ ਨਾਲ ਕੈਨੇਡਾ ਵਿੱਚ ਆਕੇ ਕੰਮ ਕਰ ਰਹੇ ਸਨ, ਜਿਵੇਂ ਕੋਈ ਵਿਜ਼ਟਰ ਵੀਜ਼ੇ 'ਤੇ ਆਕੇ ਕੰਮ ਕਰ ਰਿਹਾ ਹੈ । ਸੀਬੀਐਸਏ (CBSA)ਦਾ ਕਹਿਣਾ ਹੈ ਕਿ ਉਸਨੇ ਪਿਛਲੇ ਸਾਲ ਤੋਂ ਹੁਣ ਤੱਕ ਇਮੀਗ੍ਰੇਸ਼ਨ ਉਲੰਘਣਾਵਾਂ ਲਈ 16,470 ਵਿਦੇਸ਼ੀ ਨਾਗਰਿਕਾਂ ਨੂੰ ਕੈਨੇਡਾ ਤੋਂ ਕੱਢਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਓਨਟਾਰੀਓ ਦੇ 3 ਕਾਰੋਬਾਰਾਂ ਨੂੰ ਸੈਂਕੜੇ ਵਿਦੇਸ਼ੀ ਕਾਮਿਆਂ ਨੂੰ ਗੈਰ-ਕਾਨੂੰਨੀ ਤੌਰ 'ਤੇ ਨੌਕਰੀ ਦੇਣ ਲਈ ਜੁਰਮਾਨਾ ਵੀ ਲਗਾਇਆ ਗਿਆ ਹੈ। ਓਨਟਾਰੀਂ ਦੇ ਤਿੰਨ ਕਾਰੋਬਾਰਾਂ ਨੂੰ ਦੋਸ਼ੀ ਮੰਨਿਆ ਹੈ ਅਤੇ ਅਣਅਧਿਕਾਰਤ ਰੁਜ਼ਗਾਰ ਦੀ ਸੰਘੀ ਜਾਂਚ ਵਿੱਚ 700 ਤੋਂ ਵੱਧ ਗੈਰ-ਕਾਨੂੰਨੀ ਵਿਦੇਸ਼ੀ ਨਾਗਰਿਕਾਂ ਦਾ ਪਤਾ ਲੱਗਣ ਤੋਂ ਬਾਅਦ ਉਨ੍ਹਾਂ 'ਤੇ ਜੁਰਮਾਨਾ ਲਗਾਇਆ ਗਿਆ ਹੈ। ਬੀਤੇ ਦਿਨੀ ਜਾਰੀ ਕੀਤੀ ਗਈ ਨਿਊਜ਼ ਰਿਲੀਜ਼ ਵਿੱਚ, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਨੇ ਪੁਸ਼ਟੀ ਕੀਤੀ ਕਿ ਓਨਟਾਰੀਓ ਵਿੱਚ ਸਥਿਤ CDA ਲੈਂਡਸਕੇਪ ਸਰਵਿਸਿਜ਼ ਨੂੰ ਬਿਨਾਂ ਅਧਿਕਾਰ ਦੇ ਵਿਦੇਸ਼ੀ ਨਾਗਰਿਕਾਂ ਨੂੰ ਨੌਕਰੀ ਦੇਣ ਦੇ 20 ਮਾਮਲਿਆਂ ਵਿੱਚ ਦੋਸ਼ੀ ਮੰਨਣ ਤੋਂ ਬਾਅਦ $400,000 ਦਾ ਜੁਰਮਾਨਾ ਲਗਾਇਆ ਗਿਆ ਹੈ। ਹੋਰ ਕਾਰੋਬਾਰਾਂ, TDA ਲੈਂਡਸਕੇਪ ਸਰਵਿਸਿਜ਼ ਅਤੇ SDA ਸਰਵਿਸਿਜ਼, ਨੇ ਦੋ-ਦੋ ਮਾਮਲਿਆਂ ਵਿੱਚ ਦੋਸ਼ੀ ਮੰਨਿਆ ਅਤੇ ਦੋਵਾਂ ਨੂੰ $25,000 ਦਾ ਜੁਰਮਾਨਾ ਲਗਾਇਆ ਗਿਆ। ਗ੍ਰੇਟਰ ਟੋਰਾਂਟੋ ਇਲਾਕੇ ਵਿੱਚ ਵੀ ਇਸ ਤਰ੍ਹਾਂ ਦੀ ਸਖ਼ਤੀ ਦੀਆਂ ਹੋਰ ਵੀ ਕਈ ਖ਼ਬਰਾਂ ਮਿਲਣ ਦੀਆਂ ਕਨਸੋਆਂ ਹਨ।

## ਆਟੋ ਇੰਡਸਟਰੀ ਦਾ ਵਿਕਾਸ ਕਰਾਂਗੇ-ਮਾਰਕ ਕਾਰਨੀ



ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਲਿਬਰਲ ਪਾਰਟੀ ਦੇ ਲੀਡਰ ਮਾਰਕ ਕਾਰਨੀ ਨੇ ਐਲਾਨ ਕੀਤਾ ਹੈ ਕਿ ਜੇਕਰ ਉਹਨਾਂ ਦੀ ਸਰਕਾਰ ਬਣਦੀ ਹੈ ਤਾਂ ਉਹ ਦੇਸ਼ ਦੇ ਆਟੋ ਸੈਕਟਰ ਨੂੰ ਮਜਬੂਤ ਬਣਾਉਣ ਤੇ ਮੁਕਾਬਲੇ ਦੇ ਯੋਗ ਬਣਾਉਣ ਲਈ ਦੋ ਬਿਲੀਅਨ ਡਾਲਰ ਦਾ ਨਿਵੇਸ਼ ਕਰਨਗੇ ਤਾਂ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਲਗਾਏ ਗਏ ਟੈਰਿਫਾਂ ਕਾਰਨ ਖਤਰੇ ਵਿੱਚ ਪਈਆਂ ਆਟੋ ਸੈਕਟਰ ਦੀਆਂ ਨੌਕਰੀਆਂ ਨੂੰ ਬਚਾਇਆ ਜਾ ਸਕੇ। ਓਨਟਾਰੀਓ ਦੇ ਵਿੰਡਸਰ ਵਿੱਚ ਸੰਬੋਧਨ ਕਰਦਿਆਂ ਮਾਰਕ ਕਾਰਨੀ ਨੇ ਆਖਿਆ ਕਿ ਉਹਨਾਂ ਦੀ ਸਰਕਾਰ ਇੰਡਸਟਰੀ ਨਾਲ ਮਿਲ ਕੇ ਕੈਨੇਡਾ ਵਿੱਚ ਹੀ ਹੋਰ ਜਿਆਦਾ ਕਾਰਾਂ ਦੇ ਪੁਰਜੇ ਬਣਾਉਣ ਉੱਪਰ ਕੰਮ ਕਰੇਗੀ ਤੇ ਇਸ ਦੇ ਨਾਲ ਹੀ ਉਹਨਾਂ ਨੇ ਆਖਿਆ ਕਿ ਉਹਨਾਂ ਦੀ ਸਰਕਾਰ ਕੈਨੇਡਾ ਵਿੱਚ ਬਣੀਆਂ ਗੱਡੀਆਂ ਖਰੀਦਣ ਲਈ ਲੋਕਾਂ ਨੂੰ ਉਤਸ਼ਾਹਿਤ ਕਰੇਗੀ ਤਾਂ ਕਿ ਇਹ ਇੰਡਸਟਰੀ ਹੋਰ ਜਿਆਦਾ ਵਿਕਾਸ ਕਰ ਸਕੇ ਅਤੇ ਵਧੀਆ ਨੌਕਰੀਆਂ ਪੈਦਾ ਹੋ ਸਕਣ।

## ਮੈਂ ਸਿਰਫ ਕਨੇਡੀਅਨ ਕੰਪਨੀਆਂ ਵਿੱਚ ਹੀ ਨਿਵੇਸ਼ ਕਰ ਰਿਹਾ ਹਾਂ - ਪੀਅਰ ਪੋਲੀਵਰ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ ਕੰਜਰਵੇਟਿਵ ਪਾਰਟੀ ਦੇ ਲੀਡਰ ਪੀਅਰ ਪੋਲੀਵਰ ਨੇ ਚੋਣ ਪ੍ਰਚਾਰ ਦੇ ਦੌਰਾਨ ਮਾਰਕ ਕਾਰਨੀ ਉੱਪਰ ਸ਼ਬਦੀ ਹਮਲੇ ਕਰਦਿਆਂ ਆਖਿਆ ਕਿ ਮਾਰਕ ਕਰਨੀ ਦੂਜਿਆਂ ਦੇਸ਼ਾਂ ਜਾਂ ਵਿਦੇਸ਼ੀ ਕੰਪਨੀਆਂ ਵਿੱਚ ਨਿਵੇਸ਼ ਕਰਦੇ ਹਨ ਤਾਂ ਕਿ ਕੈਨੇਡਾ ਦੇ ਟੈਕਸਾਂ ਤੋਂ ਬਚਿਆ ਜਾ ਸਕੇ ਜਦੋਂ ਪੋਲੀਵਰ ਨੂੰ ਪੁੱਛਿਆ ਗਿਆ ਕਿ ਕੀ ਉਹਨਾਂ ਨੇ ਕਿਸੇ ਵਿਦੇਸ਼ੀ ਕੰਪਨੀ ਵਿੱਚ ਨਿਵੇਸ਼ ਕੀਤਾ ਹੈ ਤਾਂ ਉਹਨਾਂ ਨੇ ਆਖਿਆ ਕਿ ਨਹੀਂ ਉਹਨਾਂ ਕਿਹਾ ਕਿ ਡੋਨਲਡ ਟਰੰਪ ਦੇ ਅਮਰੀਕਾ ਦਾ ਰਾਸ਼ਟਰਪਤੀ ਬਣਨ ਉਪਰੰਤ ਉਹਨਾਂ ਵੱਲੋਂ ਸਾਡੀ ਆਰਥਿਕਤਾ ਨੂੰ ਖਤਰੇ ਚ ਪਾਉਣ ਕਾਰਨ ਮੈਂ ਵਿਦੇਸ਼ੀ ਕੰਪਨੀਆਂ ਦੇ ਵਿੱਚ ਕੀਤਾ ਸਾਰਾ ਨਿਵੇਸ਼ ਵੇਚ ਦਿੱਤਾ ਹੈ ਅਤੇ ਹੁਣ ਮੈਂ ਸਿਰਫ ਕਨੇਡੀਅਨ ਕੰਪਨੀਆਂ ਵਿੱਚ ਹੀ ਨਿਵੇਸ਼ ਕਰ ਰਿਹਾ ਹਾਂ।


Wishing you all
Happy Vaisakhi
ਸਮੁੱਚੀ ਮਾਨਵਤਾ ਨੂੰ ਬਰਾਬਰੀ ਦੇ ਸਿਧਾਂਤ ਵਾਲੇ ਖਾਲਸਾ ਪੰਥ ਦੇ ਜਨਮ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ
The Punjabi Newspaper
ਪੰਜਾਬੀ ਅਖ਼ਬਾਰ Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ (001) 403 640 2000
PrimeAsia HD Television


## ਅਮਰੀਕਾ ਵਿੱਚ ਟਰੰਪ ਅਤੇ ਐਲਨ ਮਸ਼ਕ ਦੇ ਖਿਲਾਫ ਲੋਕ ਸੜਕਾਂ 'ਤੇ ਉੱਤਰੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਾਡੇ ਗੁਆਂਢੀ ਮੁਲਕ ਦੇ ਨਵੇਂ ਬਣੇ ਰਾਸਟਰਪਤੀ ਵੱਲੋਂ ਲਾਗੂ ਕੀਤੀ ਟੈਰਿਫ ਨੀਤੀ ਕਾਰਣ ਕਨੇਡਾ ਵਾਸੀ ਤਾਂ ਦੁਖਹਿਨ ਹੀ ਬਲਕਿ ਉਸ ਦੇ ਆਪਣੇ ਮੁਲਕ ਅਮਰੀਕਾ ਦੇ ਲੋਕ ਵੀ ਉਸ ਦੀਆਂ ਇਹਨਾਂ ਨੀਤੀਆਂ ਤੋਂ ਤੰਗ ਆ ਗਏ ਹਨ। ਬੀਤੇ ਦਿਨੀ ਟਰੰਪ ਅਤੇ ਐਲਨ ਮਸਕ ਖ਼ਿਲਾਫ਼ ਤਕਰੀਬਨ ਪੂਰੇ ਮੁਲਕ ਭਰ ਅੰਦਰ ਹੀ ਜ਼ੋਰਦਾਰ ਪ੍ਰਦਰਸ਼ਨ ਹੋਇਆ । ਪੂਰੇ ਅਮਰੀਕਾ ਭਰ ਵਿੱਚ 1200 ਤੋਂ ਵੱਧ ਥਾਵਾਂ 'ਤੇ ਲੋਕਾਂ ਨੇ ਟਰੰਪ ਦੀਆਂ ਨੀਤੀਆਂ ਦਾ ਵਿਰੋਧ ਕੀਤਾ ਅਤੇ ਵੱਡੇ ਕਾਰੋਬਾਰੀ ਐਲਨ ਮਸਕ ਨੂੰ ਵੀ ਕਰਾਰੇ ਹੱਥੀਂ ਲਿਆ ।ਟਰੰਪ ਨੂੰ ਦੇਸਾਂ ਦੇ ਨਿੱਜੀ ਮਾਮਲਿਆਂ 'ਚ ਦਖ਼ਲ ਨਾ ਦੇਣ ਦੀ ਤਾਕੀਦ ਕੀਤੀ। ਟੈਰਿਫ ਦੇ ਮਸਲੇ ਹੱਲ ਕਰਨ ਦੀ ਅਪੀਲ ਕੀਤੀ । ਵਰਨਣਯੋਗ ਹੈ ਕਿ ਦੋ ਅਪ੍ਰੈਲ ਤੋਂ ਅਮਰੀਕਾ ਵੱਲੋਂ ਦੁਨੀਆ ਭਰ ਤੇ ਲਾਏ ਗਏ ਟੈਰਿਫਾਂ ਕਰਨ ਸਾਰੀ ਮਾਰਕੀਟ ਕਰੈਸ਼ ਹੋ ਗਈ ਹੈ।


Barinder Ubhi
Realtor
C (204)807-5013
E babbu_ubhi@yahoo.com
WIN MAX REAL ESTATE LTD
10- 998 Keewatin St. Winnipeg, MB, R2R 2V1
P:(204) 905-9798

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
●Pizza and Indian Food
●Indian Sweets
●Tiffin Service
●Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

RANDY SINGH
306.361.7810
REALTOR®, CENTURY 21 Fusion
Residential | Commercial | Farm
Home Buyer & Listing Specialist!
Serving Saskatoon, Warman, Martensville and surrounding area, offering the highest level of expertise and service with integrity.
AWARD WINNING SERVICE
Top 30 Under 30 by Units (C21 Canada 2023)
Not intended to solicit properties currently listed for sale or buyers under contract. Each office is independently owned and operated.
randy.singh@c21.ca | randysinghrealty.com

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ
ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

SHORY LAW LLP
• IMMIGRATION • BUSINESS • CRIMINAL • REAL ESTATE
www.shorylaw.com (403) 216-1199
220 - 4851 Westwinds Dr. N.E., Calgary
@shorylaw
Chetan Shory Sarvesh Jeet Devinder Shory Jatin Shory





## MODERN SINGLE-FAMILY HOME WITH SPICE KITCHEN & LEGAL BASEMENT SUITE OPTIONS

Starting from Mid $600's Excl. GST.

ਸਾਡੇ ਮਾਡਰਨ ਸਿੰਗਲ ਫੈਮਿਲੀ ਹੋਮਜ਼ ਸਮਕਾਲੀ ਬਾਹਰੀ ਆਰਕੀਟੈਕਚਰ ਪੇਸ਼ ਕਰਦੇ ਹਨ ਜਿਸ ਵਿੱਚ ਡਬਲ ਫਰੰਟ ਗੈਰੇਜ ਅਤੇ ਇੱਕ ਨਿੱਜੀ ਪਰ ਸੱਦਾ ਦੇਣ ਵਾਲਾ ਸਾਹਮਣੇ ਪ੍ਰਵੇਸ਼ ਦੁਆਰ ਹੈ। ਇੱਕ ਬਹੁ-ਪੀੜ੍ਹੀ ਜੀਵਨ ਸ਼ੈਲੀ ਵਾਲਾ ਇਹ ਘਰ ਮੌਰਗੇਜ ਸਹਾਇਕ ਜਾਂ ਪੂਰਕ ਵਜੋਂ ਸੇਵਾ ਕਰਨ ਲਈ ਅਧੂਰੇ ਅਤੇ ਮੁਕੰਮਲ ਕਾਨੂੰਨੀ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ।

ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਮੁੱਖ ਵਿਕਲਪਾਂ 'ਤੇ ਘਰੇਲੂ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਵਿਸ਼ਾਲ ਘਰ ਦਾ ਦਫਤਰ, ਬੋਨਸ ਰੂਮ, ਮਸਾਲਾ ਰਸੋਈ ਅਤੇ ਬੈੱਡਰੂਮ ਵੀ ਉਪਲਬਧ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

**ਹੋਰ ਜਾਣਕਾਰੀ ਲਈ ਅੱਜ ਹੀ ਰਜਿਸਟਰ ਕਰੋ!!**


Den


Great room


Walk-in spice kitchen


Kitchen

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 12 No: 265 Website : www.punjabiakhbaar.ca Email: editor@punjabiakhbaar.ca Friday, 11 April 2025

# ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਵੱਜੋਂ ਮਨਾਉਣ ਲਈ ਭਜਨ ਬਰਾੜ ਨੇ ਵਿਧਾਨ ਸਭਾ ਅੰਦਰ ਬਿਲ ਪੇਸ਼ ਕੀਤਾ




ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) 2019 ਵਿੱਚ ਸਿੱਖ ਵਿਰਾਸਤੀ ਮਹੀਨੇ ਦੀ ਫੈਡਰਲ ਸਰਕਾਰ ਵੱਲੋਂ ਮਾਨਤਾ ਦੇ ਬਾਵਜੂਦ, ਸਸਕੈਚਵਨ ਦੀ ਸੂਬਾਈ ਸਰਕਾਰ ਨੇ ਅਜੇ ਤੱਕ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤੀ ਮਹੀਨੇ ਦੇ ਤੌਰ 'ਤੇ ਅਧਿਕਾਰਤ ਨਹੀਂ ਕੀਤਾ। ਜਿਸ ਕਾਰਣ ਅਪ੍ਰੈਲ ਮਹੀਨੇ ਨੂੰ ਵਿਰਾਸਤੀ ਮਹੀਨੇ ਵੱਜੋਂ ਮਨਾਉਣ ਲਈ ਸਸਕੈਚਵਨ ਸੂਬੇ ਅੰਦਰ ਸਿੱਖ ਭਾਈਚਾਰੇ ਨੂੰ ਹਰ ਸਾਲ ਮਾਨਤਾ ਲਈ ਅਰਜ਼ੀ ਦੇਣੀ ਚਾਹੀਦੀ ਹੈ ਅਤੇ ਉਹ ਦੇਣੀ ਪੈਂਦੀ ਹੈ। ਇਹ ਮੁੱਦਾ ਬੀਤੇ ਦਿਨੀ ਸੈਸਕੈਚਵਾਨ ਵਿਧਾਨ ਸਭਾ ਵਿੱਚ ਮੁੱਖ ਵਿਰੋਧੀ ਧਿਰ ਐਨ ਡੀ ਪੀ ਦੇ ਪਾਸਾਕੂਆ ਹਲਕੇ ਤੋਂ ਪੰਜਾਬੀ ਮੂਲ ਦੇ ਐਮ ਐਲ ਏ ਭਜਨ ਬਰਾੜ ਨੇ ਉਠਾਇਆ। ਇਸ ਸਬੰਧੀ ਪੰਜਾਬੀ ਅਖ਼ਬਾਰ ਨਾਲ ਗੱਲ ਕਰਦੇ ਹੋਏ ਭਜਨ ਬਰਾੜ ਨੇ ਦੱਸਿਆ ਕਿ ਮੈਂ ਇਸ ਮੁੱਦੇ ਨੂੰ ਵਿਧਾਨ ਸਭਾ ਵਿੱਚ ਉਠਾਇਆ ਅਤੇ ਇੱਕ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕੀਤਾ ਹੈ। ਜੇਕਰ ਇਹ ਬਿਲ ਪਾਸ ਹੋ ਜਾਂਦਾ ਹੈ, ਤਾਂ ਸਸਕੈਚਵਨ ਵਿੱਚ ਅਪ੍ਰੈਲ ਨੂੰ ਰਸਮੀ ਤੌਰ 'ਤੇ ਸਿੱਖ ਵਿਰਾਸਤੀ ਮਹੀਨੇ ਵੱਜੋਂ ਮਾਨਤਾ ਮਿਲ ਜਾਵੇਗੀ। "ਬਹੁਤ ਸਾਰੇ ਲੋਕਾਂ ਤੋਂ ਆਈ ਹੋਈ ਇੱਕਮੁਠਤਾ ਦੀ ਤਾਕਤ" ਜੋ ਸਸਕੈਚਵਨ ਦਾ ਆਦਰਸ਼ ਹੈ, ਇਹ ਬਿੱਲ ਉਸ ਸਿਧਾਂਤ ਨੂੰ ਦਰਸਾਉਂਦਾ ਹੈ ਅਤੇ ਸੂਬੇ ਲਈ ਸਿੱਖ ਭਾਈਚਾਰੇ ਦੇ ਯੋਗਦਾਨ ਨੂੰ ਮਾਨਤਾ ਅਤੇ ਸਨਮਾਨ ਦਿੰਦਾ ਹੈ।

# ਟਰੰਪ ਅਤੇ ਕਾਰਨੀ ਦੀ ਮਿਲਣੀ ਹੋਈ ਦੋਵਾਂ ਨੇਤਾਵਾਂ ਦੇ ਬਿਆਨਾਂ ਅਨੁਸਾਰ ਗੱਲਬਾਤ ਵਧੀਆ ਰਹੀ





ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਸ਼ੁੱਕਰਵਾਰ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵਿਚਾਲੇ ਫੋਨ ਤੇ ਗੱਲਬਾਤ ਹੋਈ। ਇਹ ਗੱਲ ਬਾਤ ਅਮਰੀਕਾ ਵੱਲੋਂ ਦੇਸ਼ ਵਿੱਚ ਇੰਪੋਰਟ ਹੁੰਦੀਆਂ ਗੱਡੀਆਂ ਉੱਪਰ 25 ਫੀਸਦੀ ਟੈਰਿਫ ਲਗਾਏ ਜਾਣ ਅਤੇ ਕੈਨੇਡਾ ਵੱਲੋਂ ਵੀ ਬਰਾਬਰ ਦੇ ਟੈਰਿਫ ਲਗਾਏ ਜਾਣ ਦੀ ਗੱਲ ਕੀਤੇ ਜਾਣ ਉਪਰੰਤ ਹੋਈ ਹੈ । ਮਾਰਕ ਕਾਰਨੀ ਵੱਲੋਂ ਦੋ ਹਫਤੇ ਪਹਿਲਾਂ ਕੈਨੇਡਾ ਦਾ ਪ੍ਰਧਾਨ ਮੰਤਰੀ ਬਣਨ ਉਪਰੰਤ ਉਨਾਂ ਦੀ ਟਰੰਪ ਨਾਲ ਇਹ ਪਹਿਲੀ ਗੱਲਬਾਤ ਸੀ। ਇਸ ਗੱਲਬਾਤ ਬਾਰੇ ਰਾਸ਼ਟਰਪਤੀ ਟਰੰਪ ਨੇ ਆਖਿਆ ਕਿ ਉਹਨਾਂ ਦੀ ਮਾਰਕ ਕਾਰਨੀ ਨਾਲ ਹੋਈ ਗੱਲਬਾਤ ਬਹੁਤ ਹੀ ਵਧੀਆ ਰਹੀ ਹੈ। ਉਹਨਾਂ ਆਖਿਆ ਕਿ ਮਾਰਕ ਕਾਰਨੀ ਇਸ ਵਕਤ ਚੋਣਾਂ ਵਿੱਚ ਰੁਝੇ ਹੋਏ ਹਨ ਤੇ ਇਸ ਲਈ ਅਸੀਂ ਦੇਖਾਂਗੇ ਕਿ ਕੀ ਹੋ ਸਕਦਾ ਹੈ। ਉਨਾਂ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਮਿਲ ਕੇ ਸਮੱਸਿਆਵਾਂ ਨੂੰ ਸੁਲਝਾਉਣ ਲਈ ਕੰਮ ਕਰਨਗੇ।ਟਰੰਪ ਨਾਲ ਗੱਲਬਾਤ ਤੋਂ ਬਾਅਦ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਖਿਆ ਹੈ ਕਿ ਕੈਨੇਡਾ ਅਤੇ ਅਮਰੀਕਾ ਨਵੇਂ ਆਰਥਿਕ ਅਤੇ ਸੁਰੱਖਿਆ ਸੰਬੰਧਾਂ ਬਾਰੇ 28 ਅਪ੍ਰੈਲ ਨੂੰ ਹੋ ਰਹੀਆਂ ਚੋਣਾਂ ਤੋਂ ਤੁਰੰਤ ਬਾਅਦ ਗੱਲਬਾਤ ਕਰਨਗੇ। ਪ੍ਰਧਾਨ ਮੰਤਰੀ ਨੇ ਮੌਂਟਰੀਅਲ 'ਚ ਬੋਲਦਿਆਂ ਇਸ ਗੱਲਬਾਤ ਨੂੰ ਬੇਹੱਦ ਉਸਾਰੂ ਗੱਲਬਾਤ ਆਖਿਆ ਹੈ। ਇਸ ਫੋਨ ਕਾਲ ਦੇ ਦੌਰਾਨ ਪ੍ਰਧਾਨ ਮੰਤਰੀ ਕਾਰਨੀ ਨੇ ਟਰੰਪ ਨੂੰ ਆਖਿਆ ਕਿ ਕੈਨੇਡਾ ਦੀ ਆਰਥਿਕਤਾ ਅਤੇ ਆਪਣੇ ਵਰਕਰਾਂ ਨੂੰ ਬਚਾਉਣ ਲਈ ਕੈਨੇਡਾ ਵੱਲੋਂ ਵੀ ਅਗਲੇ ਹਫ਼ਤੇ ਅਮਰੀਕਾ ਵੱਲੋਂ ਲਗਾਏ ਗਏ ਟੈਰੀਫ਼ਾਂ ਦੇ ਬਰਾਬਰ ਟੈਰਿਫ ਲਗਾਏ ਜਾਣਗੇ।




# ਸਾਨੂੰ ਕੈਨੇਡਾ ਵਿੱਚ ਘਰਾਂ ਦੀ ਉਸਾਰੀ ਦਾ ਤਰੀਕਾ ਬਦਲਣ ਦੀ ਲੋੜ ਹੈ-ਕਾਰਨੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਲਿਬਰਲ ਲੀਡਰ ਮਾਰਕਕਾਰਨੀ ਨੇ ਆਖਿਆ ਹੈ ਕਿ ਸਾਨੂੰ ਕੈਨੇਡਾ ਵਿੱਚ ਘਰਾਂ ਦੀ ਉਸਾਰੀ ਦਾ ਤਰੀਕਾ ਬਦਲਣ ਦੀ ਲੋੜ ਹੈ ਉਹਨਾਂ ਆਖਿਆ ਕਿ ਇਸ ਵਕਤ ਜਿਸ ਢੰਗ ਨਾਲ ਘਰਾਂ ਦੀ ਉਸਾਰੀ ਕੀਤੀ ਜਾ ਰਹੀ ਹੈ ਬੀਤੇ ਕੁੱਝ ਸਮੇਂ ਦੌਰਾਨ ਹੀ ਉਸਦੀਆਂ ਕੀਮਤਾਂ ਵਿੱਚ 50 ਫੀਸਦ ਦਾ ਵਾਧਾ ਹੋ ਚੁੱਕਾ ਹੈ ਹੈ ਇਸ ਦੇ ਨਾਲ ਹੀ ਉਹਨਾਂ ਨੇ ਆਖਿਆ ਕਿ ਆਉਂਦੇ 10 ਸਾਲਾਂ ਦੇ ਦੌਰਾਨ ਹਾਊਸਿੰਗ ਕੰਸਟਰਕਸ਼ਨ ਨਾਲ ਜੁੜੇ ਹਜ਼ਾਰਾਂ ਲੋਕ ਰਿਟਾਇਰ ਹੋ ਰਹੇ ਹਨ ਅਤੇ ਇਸ ਲਈ ਸਾਨੂੰ ਹੁਣ ਪ੍ਰੀ ਫੈਬਰਿਕੇਟਡ ਅਤੇ ਮੋਡਿਊਲਰ ਘਰਾਂ ਦੀ ਉਸਾਰੀ ਕਰਨ ਦੀ ਲੋੜ ਹੈ ਜਿਸ ਵਿੱਚ ਸਮਾਂ ਵੀ ਘੱਟ ਲੱਗਦਾ ਹੈ ਅਤੇ ਕੀਮਤ ਵੀ ਘੱਟ ਲੱਗਦੀ ਹੈ ਉਹਨਾਂ ਆਖਿਆ ਕਿ ਕੈਨੇਡਾ ਇਸ ਮਾਮਲੇ ਵਿੱਚ ਦੁਨੀਆਂ ਦਾ ਲੀਡਰ ਬਣਨ ਦੇ ਯੋਗ ਹੈ।

ਉਧਰ ਕੰਜਰਵੇਟਿਵ ਪਾਰਟੀ ਦੇ ਲੀਡਰ ਪੀਅਰੇ ਪੋਲੀਵਰ ਚੋਣ ਪ੍ਰਚਾਰ ਲਈ ਨਿਊ ਬਰਨਸਵਿਕ ਦੇ ਸੇਂਟ ਜੋਨ ਵਿੱਚ ਮੌਜੂਦ ਸਨ ਜਿੱਥੇ ਉਹਨਾਂ ਨੇ ਅਟਲਾਂਟਿਕ ਕੈਨੇਡਾ ਰੀਜਨਲ ਕੌਂਸਲ ਆਫ ਕਾਰਪੈਂਟਰ ਐਂਡ ਅਲਾਈਡ ਵਰਕਰ 1386 ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਲਿਬਰਲ ਸਰਕਾਰ ਦੇ 10 ਕੁ ਸਾਲ ਦੇ ਕਾਰਜਕਾਲ ਵਿੱਚ ਦੇਸ਼ ਦੇ ਹਾਲਾਤ ਇਸ ਤਰ੍ਹਾਂ ਹੋ ਚੁੱਕੇ ਹਨ ਕਿ ਘਰਾਂ ਦੀ ਉਸਾਰੀ ਕਰਨ ਵਾਲੇ ਕਾਮੇ ਹੀ ਆਪਣਾ ਘਰ ਨਹੀਂ ਖਰੀਦ ਸਕਦੇ ਉਹਨਾਂ ਆਖਿਆ ਕਿ ਜੇਕਰ ਉਹਨਾਂ ਦੀ ਸਰਕਾਰ ਆਉਂਦੀ ਹੈ ਤਾਂ ਕਾਮਿਆਂ ਨੂੰ ਪਹਿਲ ਦਿੱਤੀ ਜਾਵੇ।








## ਟਰੂਡੋ ਨੂੰ ਫਾਹੇ ਟੰਗਦਾ ਟੰਗਦਾ ਆਪ ਹੀ ਟੰਗਿਆ ਗਿਆ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਕੰਜ਼ਰਵੇਟਿਵ ਪਾਰਟੀ ਨੇ ਆਪਣੇ ਇੱਕ ਉਮੀਦਵਾਰ ਨੂੰ ਪਾਰਟੀ ਤੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਹੈ ਇਸ ਦੇ ਪਿੱਛੇ ਕਹਾਣੀ ਇਹ ਹੈ ਕਿ ਅਸਲ ਵਿੱਚ ਕੰਜਰਵੇਟਿਵ ਪਾਰਟੀ ਦੇ ਉਮੀਦਵਾਰ ਮਾਰਕ ਮਕੈਨਜ਼ੀ ਵੱਲੋਂ ਸਾਲ 2022 ਵਿੱਚ ਜਦੋਂ ਫਰੀਡਮ ਕਾਨਵਾਈ ਸਮਾਪਤ ਹੋਈ ਸੀ ਤਾਂ ਇੱਕ ਪੌਡਕਾਸਟ ਦੇ ਦੌਰਾਨ ਬਿਆਨ ਦਿੱਤਾ ਗਿਆ ਸੀ ਜਿਸ ਵਿੱਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਮੂਰਖ ਕਹਿੰਦਿਆਂ ਹੋਇਆਂ ਉਹਨਾਂ ਇਹ ਆਖਿਆ ਗਿਆ ਸੀ ਕਿ ਟਰੂਡੋ ਨੂੰ ਮੌਤ ਦੀ ਸਜ਼ਾ ਦੇ ਦੇਣੀ ਚਾਹੀਦੀ ਹੈ। ਇਸ ਬਾਰੇ ਇੱਕ ਆਡੀ- ਕਲਿੱਪ ਜਾਰੀ ਹੋਣ ਤੋਂ ਬਾਅਦ ਕੰਜ਼ਰਵੇਟਿਵ ਪਾਰਟੀ ਵੱਲੋਂ -ਟਾਰੀ- ਦੇ ਵਿੰਡਸਰ-ਟੇਕੁਮਸੇਹ-ਲੇਕੇਸ਼ੋਰ ਤੋਂ ਉਮੀਦਵਾਰ ਮਕੈਨਜ਼ੀ ਦੀ ਉਮੀਦਵਾਰ ਰੱਦ ਕਰ ਦਿੱਤੀ ਗਈ ਹੈ। ਵਰਨਣ ਯੋਗ ਹੈ ਕਿ ਇਹ ਐਪੀਸੋਡ 18 ਫਰਵਰੀ 2022 ਨੂੰ ਰਿਲੀਜ਼ ਕੀਤਾ ਗਿਆ ਸੀ ਇਸ ਸਬੰਧੀ ਹੁਣ ਜਦੋਂ ਚੋਣ ਪ੍ਰਚਾਰ ਲਈ ਸੇਂਟ ਜੋਨ ਪਹੁੰਚੇ ਕੰਜਰਵੇਟਿਵ ਲੀਡਰ ਪੀਅਰ ਪੋਲੀਵਰ ਨੂੰ ਸਵਾਲ ਕੀਤਾ ਗਿਆ ਤਾਂ ਉਹਨਾਂ ਆਖਿਆ ਕਿ ਮਾਰਕ ਮਕੈਨਜ਼ੀ ਨੂੰ ਬਾਹਰ ਕੱਢ ਦਿੱਤਾ ਗਿਆ ਹੈ। ਜਦੋਂ ਉਹਨਾਂ ਨੂੰ ਪੁੱਛਿਆ ਗਿਆ ਕਿ ਅਜਿਹਾ ਕਿਉਂ ਤਾਂ ਉਹਨਾਂ ਨੇ ਬੜੇ ਸਧਾਰਨ ਢੰਗ ਨਾਲ ਜਵਾਬ ਦਿੱਤਾ ਕਿ ਇਹ ਸ਼ਬਦਾਵਲੀ ਸਵੀਕਾਰ ਕਰਨ ਯੋਗ ਨਹੀਂ ਹੈ।















# ਬਉਮੌਂਟ ਦੇ ਬਜ਼ੁਰਗਾਂ ਨੇ ਸ਼ਹੀਦਾਂ ਨੂੰ ਚੇਤੇ ਕਰਦਿਆਂ ਉਸਾਰੂ ਸੋਚ ਅਪਣਾਉਣ ਲਈ ਵਿਚਾਰਾਂ ਕੀਤੀਆਂ



ਸ਼੍ਰੀ ਅਮਰੀਕ ਸਿੰਘ, ਹਰਜਿੰਦਰ ਸਿੰਘ ਮਠਾੜੂ, ਹਰਦੀਪ ਸਿੰਘ, ਸਤੀਸ਼ ਕੁਮਾਰ ਸਚਦੇਵਾ, ਮੇਜਰ ਸਿੰਘ ਕਲੇਰ ,(ਪ੍ਰਧਾਨ ) ਹਰਚਰਨ ਸਿੰਘ ,ਸੁਰਿੰਦਰ ਸਿੰਘ ਕੁਲਾਰ,ਸੁਭਾਸ਼ ਕਟਾਰੀਆ,( ਕੈਲਗਰੀ ) ਬੇਟਾ ਅੰਗਦ, ਪ੍ਰੀਤਮ ਸਿੰਘ ਲਲਤੋਂ,ਸ਼੍ਰੀ ਕੁਲਦੀਪ ਸਿੰਘ ਜੀ

ਬਉਮੌਂਟ ( ਪੰਜਾਬੀ ਅਖ਼ਬਾਰ ਬਿਊਰੋ ) ਬਉਮੌਂਟ ਦੇ ਸੀਨੀਅਰ ਸਿਟੀਜਨ ਦੀ ਮੀਟਿੰਗ ਸ਼੍ਰੀ ਮੇਜਰ ਸਿੰਘ ਕਲੇਰ ਦੀ ਪ੍ਰਧਾਨਗੀ ਹੇਠ ਬਉਮੌਂਟ ਸਪੋਰਟ ਐਂਡ ਰਿਕਰੇਸ਼ਨ ਸੈਂਟਰ ਵਿਖੇ ਹੋਈ। ਜਿਸ ਵਿੱਚ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।ਵੱਖ-ਵੱਖ ਬੁਲਾਰਿਆਂ ਨੇ ਆਪਣੇ ਸੰਬੋਧਨ ਵਿੱਚ ਉਨ੍ਹਾਂ ਮਹਾਨ ਸੂਰਬੀਰਾਂ, ਸ਼ਹੀਦੇ ਆਜ਼ਮ ਸ੍ਰ ਭਗਤ ਸਿੰਘ, ਰਾਜਗੁਰੂ, ਸੁਖਦੇਵ, ਸ਼ਹੀਦ ਕਰਤਾਰ ਸਿੰਘ ਸਰਾਭਾ, ਗਦਰੀ ਬਾਬਾ ਸੋਹਨ ਸਿੰਘ ਭਕਨਾ,ਗੁਰਮਖ ਸਿੰਘ ਲਲਤੋਂ, ਸ਼ਹੀਦ ਊਧਮ ਸਿੰਘ ,ਗਦਰੀ ਗੁਲਾਬ ਕੌਰ ਨੂੰ ਯਾਦ ਕਰਦਿਆਂ,ਅੰਗਰੇਜ਼ੀ ਹਕੂਮਤ ਕੋਲੋਂ ਗੁਲਾਮੀ ਦਾ ਫਸਤਾ ਵੱਢਣ ਲਈ ਕਾਲੇ ਪਾਣੀਆਂ ਦੀਆਂ ਸਜ਼ਾਵਾਂ,ਅੰਡੇਮਾਨ ਦੀਆਂ ਜੇਲ੍ਹਾਂ, ਫਾਂਸੀਆਂ ਦੀ ਪਰਵਾਹ ਨਾਂ ਕੀਤੇ ਬਿਨਾਂ ਸ਼ਹਾਦਤਾਂ ਦਾ ਜਾਮ ਪੀਤਾ । ਬੁਲਾਰਿਆਂ ਅਨੁਸਾਰ ਸ਼ਹੀਦਾਂ ਦਾ ਸੁਨੇਹਾ ਉਸਾਰੂ ਸਾਹਿਤ,ਗਿਆਨ ਵਰਧਕ ਦੀ ਲਗਾਤਾਰਤਾ ਬਣਾਈ ਰੱਖਣ ਲਈ ਮਨੁੱਖਤਾ ਦੇ ਭਲੇ ਲਈ ਸਰਵਪੱਖੀ ਵਿਕਾਸ ਲਈ, ਸਰਮਾਏਦਾਰਾਂ ,ਕਾਰਪੋਰੇਟਾਂ, ਵੱਲੋਂ ਕਾਮ ਉਕਸਾਊ, ਲੱਚਰ ਸਾਹਿਤ, ਟੀ ਵੀ, ਸ਼ੋਸ਼ਲ ਮੀਡੀਆ ਤੇ ਫਜ਼ੂਲ ਖ਼ਰਚੀ ਭੜਕਾਊ ਇਸ਼ਤਿਹਾਰਬਾਜ਼ੀ ਦੇ ਮੁਕਾਬਲੇ ਉਸਾਰੂ ਸੋਚ,ਉਸਾਰੂ ਸਾਹਿਤ ਸਮੇਂ ਦੀ ਲੋੜ ਹੈ। ਇਸ ਮੌਕੇ ਚੱਲਦੀ ਫਿਰਦੀ ਲਾਇਬ੍ਰੇਰੀ ਦਾ ਉਦਘਾਟਨ ਕੀਤਾ ਗਿਆ । ਕੈਲਗਰੀ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਸ਼੍ਰੀ ਸੁਭਾਸ਼ ਕਟਾਰੀਆ ਨੇ 20 ਡਾਲਰ ਦੀ ਸਹਾਇਤਾ ਦਿੱਤੀ।ਇਸ ਮੌਕੇ ਸਤੀਸ਼ ਕੁਮਾਰ ਸਚਦੇਵਾ,ਸੁਰਿੰਦਰ ਸਿੰਘ ਕੁਲਾਰ, ਕੁਲਦੀਪ ਸਿੰਘ, ਹਰਜਿੰਦਰ ਸਿੰਘ ਮਠਾੜੂ, ਅਮਰੀਕ ਸਿੰਘ,ਜਗਰੂਪ ਸਿੰਘ, ਹਰਚਰਨ ਸਿੰਘ,ਹਰਦੀਪ ਸਿੰਘ, ਬੇਟਾ ਅੰਗਦ ਸੰਦੀਪ ਸਿੰਘ , ਸੁਖਦੇਵ ਸਿੰਘ ਢਿੱਲੋਂ, ਪ੍ਰੀਤਮ ਸਿੰਘ ਲਲਤੋਂ , ਗੁਰਵਿੰਦਰ ਸਿੰਘ ਗਿੱਲ, ਮਲਕੀਤ ਸਿੰਘ ਖੱਖ ਹਾਜ਼ਰ ਸਨ । ਅਖੀਰ ਵਿੱਚ ਪ੍ਰਧਾਨ ਮੇਜਰ ਸਿੰਘ ਕਲੇਰ ਹੋਰਾਂ ਨੇ ਸਭਨਾਂ ਦਾ ਧੰਨਵਾਦ ਕੀਤਾ ।

# ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ 23 ਮਾਰਚ ਦੇ ਸ਼ਹੀਦਾਂ ਨੂੰ ਚੇਤੇ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਇਕੱਤਰਤਾ ਕੋਸੋ ਹਾਲ ਵਿੱਚ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ । ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ 23 ਮਾਰਚ 1931 ਨੂੰ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ । ਭੋਲਾ ਸਿੰਘ ਚੌਹਾਨ ਨੇ ਸੰਤ ਰਾਮ ਉਦਾਸੀ ਦੀ ਰਚਨਾ ਚਮਕੌਰ ਦੀ ਗੜ੍ਹੀ ਨੂੰ ਤਰੰਨਮ ’ਚ ਪੇਸ਼ ਕਰਕੇ ਰੰਗ ਬੰਨ੍ਹਿਆ । ਸਭਾ ਦੇ ਖਜਾਨਚੀ ਮਨਜੀਤ ਬਰਾੜ ਨੇ ਆਪਣੇ ਦੋਸਤ ਨਾਇਬ ਸਿੰਘ ਬਰਾੜ ਦੀ ਰਚਨਾ ਸੁਣਾਈ । ਦੀਪ ਬਰਾੜ ਦੀ ਗਾਇਕੀ ਬੇਮਿਸ਼ਾਲ ਰਹੀ । ਅੰਤ ਵਿੱਚ ਸੁਰਿੰਦਰ ਗੀਤ ਨੇ ਸਾਰੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਆਪਣੀ ਇੱਕ ਗ਼ਜ਼ਲ ਪੇਸ਼ ਕੀਤੀ।ਜੇ ਤੂੰ ਲੋਕ ਦਿਲਾਂ ਵਿੱਚ ਵਸਣਾ ਗੀਤ ਗ਼ਜ਼ਲ ਕਵਿਤਾਵਾਂ ਬਣ ਜਾ ਸੁਖਮੰਦਰ ਸਿੰਘ ਗਿੱਲ, ਗੁਰਰਾਜ ਸਿੰਘ ਵਿਰਕ, ਲਖਵਿੰਦਰ ਸਿੰਘ ਪਟਿਆਲਾ, ਸੁਰਜੀਤ ਸਿੰਘ ਹੇਅਰ, ਮਨਮੋਹਣ ਬਾਠ, ਸਰਦੂਲ ਸਿੰਘ ਲੱਖਾ, ਗੁਰਦੀਪ ਕੌਰ ਗਹੀਰ, ਸੁਰਿੰਦਰ ਸਿੰਘ ਢਿਲੋਂ ਭੁਪਿੰਦਰ ਸਿੰਘ ਬੈਂਸ, ਗੁਰਬਖ਼ਸ ਸਿੰਘ ਗਿੱਲ ਅਤੇ ਗੁਰਦੀਪ ਸਿੰਘ ਗਹੀਰ ਨੇ ਵੀ ਮੰਚ ਉਪਰੋਂ ਆਪੋ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਗਵਾਈ । ਮੰਚ ਸੰਚਾਲਨ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਇਆ । ਅਪਰੈਲ ਮਹੀਨੇ ਦੀ ਇਕੱਤਰਤਾ 27 ਅਪਰੈਲ 2025 ਨੂੰ ਹੋਵੇਗੀ ।

# ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਨੇ ਅੰਤਰਰਾਸ਼ਟਰੀ ਔਰਤ ਦਿਵਸ ਮਨਾਇਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੇ 28 ਮਾਰਚ ਨੂੰ ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੀ ਮਾਸਿਕ ਇਕੱਤਰਤਾ ਮੌਂਟਰੀ ਪਾਰਕ ਹਾਲ ਵਿੱਚ ਹੋਈ, ਤਕਰੀਬਨ ਅੱਸੀ ਸੀਨੀਅਰ ਮੈਂਬਰਾਂ ਨੇ "ਅੰਤਰਰਾਸ਼ਟਰੀ ਔਰਤ ਦਿਵਸ " ਨੂੰ ਸਮਰਪਿਤ ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ। ਹਮੇਸ਼ਾ ਦੀ ਤਰਾਂ ਸਾਰਿਆਂ ਦੇ ਲੰਚ ਕਰਨ ਤੋਂ ਬਾਦ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਗਿਆਰਾਂ ਸੀਨੀਅਰ ਮੈਂਬਰਾਂ ਨੂੰ ਉਹਨਾਂ ਦੇ ਜਨਮ ਦਿਨ ਤੇ ਸਾਰਿਆਂ ਵੱਲੋਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਸੁਖਮਿੰਦਰ ਗਿੱਲ ਨੇ ਆਪਣੀ ਲਿਖੀ ਕਵਿਤਾ ਦੇ ਇਹਨਾਂ ਬੋਲਾਂ ਨਾਲ ਆਪਣਾ ਕਲਾਮ ਅਰੰਭਿਆ-ਇਹ ਕੁਦਰਤ ਦਾ ਸ਼ਾਹਕਾਰ ਹੈ ਔਰਤ, ਇਸ ਦੁਨੀਆ ਦਾ ਸ਼ਿੰਗਾਰ ਹੈ ਔਰਤ, ਕੈਲਗਰੀ ਦੀ ਪੰਜਾਬੀ ਕਮਿਉਨਿਟੀ ਦੀਆਂ ਦੋ ਸਤਿਕਾਰ ਯੋਗ ਹਸਤੀਆਂ ਡਾ: ਬਲਵਿੰਦਰ ਕੌਰ ਬਰਾੜ ਅਤੇ ਰਿਸ਼ੀ ਨਾਗਰ ਜੀ ਨੇ ਅਜੋਕੇ ਸਮਾਜ ਵਿੱਚ ਔਰਤ ਦੇ ਰੁਤਬੇ ਅਤੇ ਔਰਤ ਨਾਲ ਹੋ ਰਹੇ ਸਲੂਕ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਸ਼ਮਿੰਦਰ ਸਿੰਘ ਕੰਮੋਅ ਅਤੇ ਸੁਰਜੀਤ ਕੌਰ ਕੰਮੋਅ ਨੇ ਆਪਣੀਆਂ ਰਚਨਾਵਾਂ ਨਾਲ ਸਾਰਿਆਂ ਦਾ ਮਨੋਰੰਜਨ ਕੀਤਾ। ਸਟੇਜ ਸਕੱਤਰ ਪਰਬੇਸ਼ ਪਰਹਾਰ ਦੀ ਪੇਸ਼ਕਾਰੀ ਵੀ ਬਾਕਮਾਲ ਸੀ। ਸਮੇਂ ਮੁਤਾਬਕ ਉਸ ਦੇ ਸੁਣਾਏ ਚੁਟਕਲਿਆਂ ਨੂੰ ਸਾਰਿਆਂ ਨੇ ਪਸੰਦ ਕੀਤਾ।ਇਸ ਤੋਂ ਇਲਾਵਾ ਲਲਿਤਾ ਸਿੰਘ, ਸੁਰਿੰਦਰ ਕਾਲੀਆ ਤੇ ਮੰਜੂ ਅਗਰਵਾਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।ਅਖੀਰ ਵਿੱਚ ਸਾਰਿਆਂ ਨੇ ਬੇਸਣ ਦੀ ਬਰਫ਼ੀ ਨਾਲ ਗਰਮ ਗਰਮ ਚਾਹ ਪੀਤੀ।

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮਿਲਣੀ ਮੌਕੇ ਸ਼ਹੀਦਾਂ ਦੀਆ ਸ਼ਹਾਦਤਾਂ ਨੂੰ ਸਿਜਦਾ ਕੀਤਾ ਗਿਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮਾਰਚ ਮਹੀਨੇ ਦੀ ਦੂਸਰੀ ਮੀਟਿੰਗ ਪਿਛਲੇ ਦਿਨੀ ਵੀਵੋ ਦੇ ਹਾਲ ਵਿੱਚ ਹੋਈ। 94 ਸਾਲ ਪਹਿਲਾਂ ਹੋਈਆਂ ਭਗਤ ਸਿੰਘ ਸੁਖਦੇਵ ਅਤੇ ਰਾਜਗੁਰੂ ਦੀਆਂ ਬੇਮਿਸਾਲ ਸ਼ਹਾਦਤਾਂ ਨੂੰ ਸਿਜਦਾ ਕੀਤਾ ਗਿਆ। ਹੁਣੇ ਹੀ ਪੁਲਾੜ ਵਿੱਚੋਂ ਪਰਤੇ ਦੋ ਪੁਲਾੜ ਯਾਤਰੀਆਂ ਦੇ ਹਿੰਮਤ,ਹੌਸਲੇ ਅਤੇ ਸ਼ਹਿਣਸੀਲਤਾ ਦੀ ਭਰਪੂਰ ਸ਼ਬਦਾਂ ਵਿੱਚ ਸਰਾਹਣਾ ਕੀਤੀ। ਐਸੋਸ਼ੀਏਸਨ ਦੇ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਸਭ ਨੂੰ ਜੀ ਆਇਆ ਕਿਹਾ ਅਤੇ ਸਾਲਾਨਾ ਮੈਂਬਰਸ਼ਿਪ ਫੀਸ ਜਮਾ ਕਰਾਉਣ ਵਾਲੇ ਮੈਂਬਰਾਂ ਦੀ ਗਿਣਤੀ ਸਾਂਝੀ ਕੀਤੀ। ਉਹਨਾਂ ਨੇ ਪਿਛਲੇ ਦਿਨੀ ਲੰਗਰ ਬਾਰੇ ਕੀਤੀ ਗਈ ਇਕੱਤਰ ਮਾਇਆ ਬਾਰੇ ਦੱਸਿਆ ਅਤੇ ਸਾਰੇ ਮੈਂਬਰਾਂ ਦਾ ਭਰਵਾਂ ਹੁੰਗਾਰਾ ਦੇਣ ਲਈ ਧੰਨਵਾਦ ਕੀਤਾ। ਮਹੀਨਾ ਮਾਰਚ ਵਿੱਚ ਜਨਮੇ ਮੈਂਬਰਾਂ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਅਤੇ ਸੰਕੇਤਕ ਯਾਦਗਾਰੀ ਤੋਹਫ਼ੇ ਦੇ ਕਿ ਸਨਮਾਨ ਕੀਤਾ ਗਿਆ।

ਕਰਮ ਸਿੰਘ ਭੁੱਲਰ ਨੇ ਪਿਛਲੇ ਸਾਲ ਕੀਤੀ ਗਈ ਆਪਣੀ ਪਾਕਿਸਤਾਨ ਯਾਤਰਾ ਬਾਰੇ ਦੱਸਿਆ।ਤਾਰਿਕ ਮਲਿਕ ਨੇ ਕਸਰਤ ਨਾਲ ਸਬੰਧਤ ਕੁੱਝ ਨੁਕਤੇ ਸਾਂਝੇ ਕੀਤੇ। ਸੁਰਿੰਦਰ ਢਿੱਲੋਂ ਨੇ ਅੰਤਰ-ਰਾਸ਼ਟਰੀ ਮਹਿਲਾ ਦਿਵਸ ਨਾਲ ਸਬੰਧਿਤ ਕੁੱਝ ਸ਼ੇਅਰ ਸੁਣਾਏ। ਭਜਨ ਸਿੰਘ ਸੱਗੂ ਨੇ ਹਮੇਸ਼ਾ ਦੀ ਤਰਾਂ ਚੁਟਕਲੇ ਸੁਣਾਏ। ਡਾ: ਰਾਜਵੰਤ ਕੌਰ ਮਾਨ ਨੇ ਜਗਤਾਰ ਦਾ ਸ਼ੇਅਰ ਸੁਣਾਕੇ ਹਾਜਿਰੀ ਲਗਵਾਈ। ਸੁਰਿੰਦਰਜੀਤ ਪਲਾਹਾ ਨੇ ਗੰਭੀਰ ਬਿਮਾਰੀਆਂ ਜਿਵੇਂ ਕਿ ਕੈਂਸਰ,ਦਿਲ ਦਾ ਦੌਰਾ/ਦਿਲ ਦੀ ਧੜਕਣ ਅਚਾਨਕ ਰੁਕ ਜਾਣਾ, ਸਟਰੋਕ ਅਤੇ ਸਾਹ ਪ੍ਰਣਾਲੀ ਨਾਲ ਜੁੜੀਆਂ ਮਹੱਤਵਪੂਰਣ ਜਾਣਕਾਰੀਆਂ ਸਾਂਝੀਆਂ ਕੀਤੀਆ। ਹਰਕੰਵਜੀਤ ਧਾਲੀਵਾਲ ਨੇ ਭਗਤ ਸਿੰਘ ਦੀ ਘੋੜੀ ਤਰੰਨਮ ਵਿੱਚ ਗਾਈ। ਜੋਗਾ ਸਿੰਘ ਨੇ ਭਾਰਦਵਾਜ ਸਾਹਿਬ ਨੂੰ ਯਾਦ ਕਰਦਿਆਂ ਬਾਬਾ ਬੁੱਲੇ ਸ਼ਾਹ ਦਾ ਇੱਕ ਸ਼ੇਅਰ ਪੜਿਆ ਤੇ ਕੁੱਝ ਚੁੱਟਕਲੇ ਸੁਣਾਏ। ਯਾਦਵਿੰਦਰ ਸਿੱਧੂ ਨੇ ਬਲੱਡ ਪਰੈਸਰ ਨਾਲ ਜੁੜੇ ਆਪਣੇ ਨਿੱਜੀ ਤਜੱਰਬੇ ਸਾਂਝੇ ਕੀਤੇ। ਸ਼ਿੰਦੀ ਕੰਮੋਹ ਨੇ "ਸੂਹੇ ਵੇ ਚੀਰੇ ਵਾਲਿਆ" ਲੋਕ ਗੀਤ ਗਾਕੇ ਰੰਗ ਬੰਨਿਆ। ਤਰਲੋਕ ਚੁੱਘ ਨੇ ਹਮੇਸ਼ਾ ਦੀ ਤਰਾਂ ਕੁੱਝ ਚੁਟਕਲੇ ਸੁਣਾਏ।

ਮਨਮੋਹਨ ਬਾਠ ਨੇ ਗੀਤ ਸੁਣਾਕੇ ਵਾਹਵਾ ਖੱਟੀ। ਸੁਰਿੰਦਰ ਕਾਲੀਆ ਨੇ "ਤੇਰੇ ਨੈਣਾਂ ਹੈ ਜਾਦੂ ਭਰੇ" ਗੀਤ ਸੁਣਾਇਆ। ਡਾ: ਸਰਦਾਰ ਲਾਲ ਮੱਟੂ ਨੇ "ਨਜਾਰੋ ਮੇ ਤੁਮ ਖਿਆਲੋ ਮੇ ਤੁਮ" ਗੀਤ ਦੀਆਂ ਕੁੱਝ ਲਾਈਨਾ ਸੁਣਾਈਆਂ। ਜਸਵੀਰ ਸਿਹੋਤਾ ਨੇ ਚੁੰਗੀ ਟੈਕਸ ਤੋਂ ਲੈ ਕਿ ਅੱਜ ਕੱਲ ਦੇ ਟੈਰਿਫ ਟੈਕਸ ਬਾਰੇ ਆਪਣੇ ਵਿਚਾਰ ਰੱਖੇ। ਸੁਖਮੰਦਰ ਗਿੱਲ ਨੇ "ਰੱਬ ਇੱਕ ਗੁੰਝਲਦਾਰ ਬੁਝਾਰਤ,ਰੱਬ ਇੱਕ ਗੋਰਖਧੰਦਾ" ਹਾਰਮੋਨੀਅਮ ‘ਤੇ ਗਾਕੇ ਆਪਣੀ ਲਾਜਵਾਬ ਗਾਇਕੀ ਦੀ ਮਿਸਾਲ ਪੈਦਾ ਕੀਤੀ। ਅੰਤ ਵਿੱਚ ਸਕੱਤਰ ਨੇ ਭਰਪੂਰ ਸਹਿਯੋਗ ਦੇਣ ਲਈ ਮੈਂਬਰਾਂ ਦਾ ਧੰਨਵਾਦ ਕੀਤਾ।










# ਮਿਲਵੁੱਡਜ਼ ਕਲਚਰ ਸੋਸਾਇਟੀ ਐਡਮਿੰਟਨ ਸੁਸਾਇਟੀ ਵੱਲੋਂ ਆਪਣਾ 42ਵਾਂ ਸਥਾਪਨਾ ਦਿਨ ਮਨਾਇਆ ਗਿਆ




ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਮਿਲਵੁਡਜ਼ ਕਲਚਰ ਸੋਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ ਐਡਮਿੰਟਨ ਅਲਬਰਟਾ ਵੱਲੋਂ ਬੀਤੀ 23 ਮਾਰਚ 2025 ਨੂੰ ਸੋਸਾਇਟੀ ਦਾ 42ਵਾਂ ਸਥਾਪਨਾ ਦਿਨ ਸਰਦਾਰ ਗੁਰਬਖਸ਼ ਸਿੰਘ ਜੀ ਬੈਂਸ ਹੋਰਾਂ ਦੀ ਪ੍ਰਧਾਨਗੀ ਹੇਠ ਸਰਦਾਰ ਜੋਰਾ ਸਿੰਘ ਝੱਜ ਵੱਲੋਂ ਸਟੇਜ ਸੈਕਟਰੀ ਦੀਆਂ ਸੇਵਾਵਾਂ ਨਿਭਾਉਂਦਿਆਂ ਮਨਾਇਆ ਗਿਆ।ਗੁਰਬਖਸ ਸਿੰਘ ਨੇ ਮੁੱਖ ਮਹਿਮਾਨ ਅਤੇ ਹੋਰ ਆਏ ਹੋਏ ਹਾਜਰੀਨ ਦਾ ਸਵਾਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਸਰਦਾਰ ਭਰਪੂਰ ਸਿੰਘ ਜੀ ਗਰੇਵਾਲ ਜੋ ਇਸ ਵੇਲੇ 87 ਸਾਲ ਦੇ ਹੋ ਚੁੱਕੇ ਹਨ, ਉਹਨਾਂ ਦੀ ਆਮਦ ਨਾਲ ਸ਼ੁਰੂ ਕੀਤੀ ਗਈ ਅਤੇ ਓ ਕਨੇਡਾ ਰਾਸਟਰੀ ਗੀਤ ਦੀਆਂ ਗੂੰਜਾਂ ਵੀ ਹਾਲ ਵਿੱਚ ਸੁਣਾਈ ਦਿੱਤੀਆਂ। ਸੋਸਾਇਟੀ ਦੇ ਫਾਊਂਡਰ ਮੈਂਬਰਾਂ ਜੋ ਹੁਣ ਤੱਕ ਸਦੀਵੀ ਵਿਛੋੜਾ ਦੇ ਗਏ ਹਨ, ਉਹਨਾਂ ਦੀ ਯਾਦ ਲਈ ਇੱਕ ਮਿੰਟ ਲਈ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਮੰਚ ਉਪਰੋਂ ਗੀਤਕਾਰ ਲਾਡੀ ਸੂਸਾਂ ਵਾਲਾ, ਜਰਨੈਲ ਬਸੋਤਾ, ਰਘਵੀਰ ਬਿਲਾਸਪੁਰੀ, ਜਗਤਾਰ ਕੁਲਾਰ, ਜਸਪ੍ਰੀਤ ਕੌਰ ਢਿੱਲੋਂ, ਸਤੀਸ਼ ਸਚਦੇਵਾ ਅਤੇ ਬੀਬੀ ਬਖਸ ਸੰਘਾ ਵੱਲੋਂ 23 ਮਾਰਚ ਨੂੰ ਸਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦਾ ਸ਼ਹੀਦੀ ਦਿਹਾੜਾ ਹੋਣ ਕਾਰਣ ਸਹੀਦਾਂ ਨੂੰ ਚੇਤੇ ਕਰਦਿਆਂ ਪਰੋਗਰਾਮ ਨੂੰ ਹੋਰ ਰੰਗੀਨ ਬਣਾਉਣ ਅਤੇ ਦਰਸਕਾਂ ਦਾ ਮੰਨੋਰੰਜਨ ਕਰਨ ਲਈ ਆਪਣੇ ਗੀਤ,ਕਵਿਤਾਵਾਂ ਗਾਇਨ ਕੀਤੀਆਂ। 23 ਮਾਰਚ ਵਾਲੇ ਦਿਨ ਹੀ ਸੋਸਾਇਟੀ ਦੀ ਸਥਾਪਨਾ ਦਾ ਐਡਮਿੰਟਨ ਸਹਿਰ ਵਿੱਚ ਹੋਣਾ ਵੀ ਸਹੀਦਾਂ ਦੀ ਸੋਚ ਉੱਪਰ ਪਹਿਰਾ ਦੇਣ ਵਾਲੀ ਗੱਲ ਹੈ। ਮਨੁੱਖਤਾ ਦੀ ਸੇਵਾ ਭਾਵਨਾ ਵਾਲੇ ਇਰਾਦੇ ਨਾਲ ਸਥਾਪਿਤ ਹੋਈ ਇਸ ਸੋਸਾਇਟੀ ਨੇ ਲੋੜਵੰਦਾਂ ਦੀ ਮੱਦਦ ਕਰਦਿਆਂ, ਕਨੇਡਾ ਨਵੇਂ ਆਏ ਲੋਕਾਂ ਨੂੰ ਸੇਧ ਦਿੰਦਿਆਂ, ਬਜੁਰਗਾਂ ਦੀਆਂ ਪੈਨਸਨ ਅਤੇ ਸਿਹਤ ਸੇਵਾਵਾਂ ਦੀਆਂ ਕਾਗਜੀ ਜਰੂਰਤਾਂ ਨੂੰ ਪੂਰਾ ਕਰਨ ਕਰਵਾਉਣ ਵਿੱਚ ਹੁਣ ਤੱਕ ਵਿਸ਼ੇਸ਼ ਯੋਗਦਾਨ ਪਾਇਆ ਹੈ ਅਤੇ ਭਵਿੱਖ ਵਿੱਚ ਅਜਿਹੀਆਂ ਸੇਵਾਵਾਂ ਦੇਣ ਲਈ ਬਚਨਵੱਧ ਹੈ। ਐਡਮਿੰਟਨ ਦੇ ਮੇਅਰ ਅਮਰਜੀਤ ਸੋਹੀ ਅਤੇ ਕੌਂਸਲਰ ਜੁਆਇਨ ਰਾਈਟ, ਕਿਰਨ ਟੈਗ, ਐਮ ਐਲ ਏ ਜਸਵੀਰ ਸਿੰਘ, ਕ੍ਰਿਸਟੀਨਾ ਗਰੇਅ, ਰੋਡ ਲੋਇਲਾ ਨੇ ਵੀ ਪ੍ਰੋਗਰਾਮ ਵਿੱਚ ਸ਼ਿਰਕਤ ਕਰਕੇ ਰੌਣਕ ਵਧਾਈ। ਪੁਨੀਤ ਮਨਚੰਦਾ ਜੀ ਵੱਲੋਂ ਸੋਸਾਇਟੀ ਨੂੰ ਪਲੈਕ ਭੇਟ ਕਰਕੇ ਸਥਾਪਨਾ ਦਿਨ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ। ਰਾਜਨੀਤਕ ਬੁਲਾਰਿਆਂ ਤੋਂ ਇਲਾਵਾ ਸੁਸਾਇਟੀ ਦੇ ਸਾਬਕਾ ਪ੍ਰਧਾਨ ਸਰਦਾਰ ਜਗਜੀਤ ਸਿੰਘ ਸਿੱਧੂ, ਅਜੈਬ ਸਿੰਘ ਮਾਨ, ਜੋਰਾ ਸਿੰਘ ਝੱਜ, ਸਦਾਗਰ ਸਿੰਘ ਸੀਤਲ ਸਿੰਘ ਨੰਨੂਆ, ਕੁਲਮੀਤ ਸਿੰਘ ਸੰਘਾ, ਅਤੇ ਹੋਰ ਬੁਲਾਰਿਆਂ ਵੱਲੋਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਸੋਸਾਇਟੀ ਦੀ ਭਲਾਈ ਲਈ ਕਾਮਨਾ ਕੀਤੀ ਗਈ। ਸੀਨੀਅਰ ਮੈਂਬਰਾਂ ਦੀਆਂ ਮੁਸ਼ਕਿਲਾਂ ਨੂੰ ਮੁੱਖ ਰੱਖਦਿਆਂ ਮੁੱਖ ਮਹਿਮਾਨ ਸਰਦਾਰ ਭਰਪੂਰ ਸਿੰਘ ਗਰੇਵਾਲ ਵੱਲੋਂ ਆਪਣੇ ਭਾਸ਼ਣ ਵਿੱਚ ਸੁਸਾਇਟੀ ਦੀ ਬਿਲਡਿੰਗ ਵਿੱਚ ਐਲੀਵੇਟਰ ਲਾਉਣ ਦੀ ਮੰਗ ਕੀਤੀ ਗਈ, ਜਿਸ ਵਾਸਤੇ ਮੌਕੇ ਤੇ ਹੀ ਸਰਦਾਰ ਬੂਟਾ ਸਿੰਘ ਵੱਲੋਂ 1000 ਡਾਲਰ , ਇਕਬਾਲ ਸਿੰਘ ਵੜਿੰਗ, ਰੇਡੀਓ ਦੇਸ਼ ਪੰਜਾਬ ਦੇ ਸੰਚਾਲਕ ਕੁਲਮੀਤ ਸੰਘਾ, ਸੀਤਲ ਸਿੰਘ ਨੰਨੂਆ ਸਿੱਖ ਫੈਡਰੇਸ਼ਨ ਵੱਲੋਂ ਪੰਜ ਪੰਜ ਸੌ ਡਾਲਰ ਫੰਡ ਮੌਕੇ ਉੱਪਰ ਹੀ ਦਿੱਤਾ ਗਿਆ। ਦਲਵੀਰ ਸਿੰਘ ਸਾਗਿਆਣ ਵੱਲੋਂ 525 ਅਮਰੀਕਨ ਡਾਲਰ ਦਿੱਤੇ ਗਏ। ਮੁੱਖ ਮਹਿਮਾਨ ਵੱਲੋਂ ਕੇਕ ਕੱਟ ਕੇ ਸਥਾਪਨਾ ਦਿਵਸ ਮਨਾਇਆ ਗਿਆ ਅਤੇ ਸੁਦਾਗਰ ਸਿੰਘ ਵੱਲੋਂ ਇਸ ਫੰਕਸ਼ਨ ਨੂੰ ਸਫਲ ਬਣਾਉਣ ਲਈ ਪੂਰਾ ਸਹਿਯੋਗ ਦਿੱਤਾ ਗਿਆ। ਪਰੋਗਰਾਮ ਦੇ ਆਖੀਰ ਵਿੱਚ ਸਰਦਾਰ ਗੁਰਬਖਸ਼ ਸਿੰਘ ਜੀ ਬੈਂਸ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਸਾਰੇ ਮੀਡੀਆ ਕਰਮੀਆਂ ਦਾ ਵਿਸੇਸ਼ ਧੰਨਵਾਦ ਕੀਤਾ ਗਿਆ।


# ਨਾਰਥ ਕੈਲਗਰੀ ਸੀਨੀਅਰ ਸੋਸਾਇਟੀ ਵੱਲੋਂ ਵਿਸਾਖੀ ਦਾ ਪ੍ਰੋਗਰਾਮ 23 ਅਪ੍ਰੈਲ ਨੂੰ ਮਨਾਇਆ ਜਾਵੇਗਾ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਸੀਨੀਅਰ ਸੋਸਾਇਟੀ ਦੀ ਮਾਸਿਕ ਮੀਟਿੰਗ ਸ੍ਰ ਸੰਤੋਖ ਸਿੰਘ ਕੰਦੋਲਾ ਦੀ ਪ੍ਰਧਾਨਗੀ ਹੇਠ ਲਿਵਿੰਗਸਟਨ ਕਮਿਉਨਿਟੀ ਸੈਂਟਰ ਦੇ ਹਾਲ ਵਿੱਚ ਹੋਈ।ਮੈਡਮ ਗੁਰਮਿੰਦਰ ਕੌਰ ਨੇ ਗੁਰਬਾਣੀ ਦਾ ਸ਼ਬਦ,ਅਤੇ ਸਭਾ ਦੇ ਸਰਪ੍ਰਸਤ ਸ਼੍ਰੀ ਕੁਲਵੰਤ ਰਾਏ ਸ਼ਰਮਾਂ ਨੇ ਹਾਜ਼ਰ ਮੈਂਬਰਾਂ ਦਾ ਸਵਾਗਤ ਕਰਦੇ ਹੋਏ ਸੋਸਾਇਟੀ ਦੀਆਂ ਸਰਗਰਮੀਆਂ ਤੋਂ ਜਾਣੂੰ ਕਰਵਾਇਆ। ਸੈਕਟਰੀ ਜਸਪਾਲ ਸਿੰਘ ਕੰਗ ਨੇ ਅੰਤਰਰਾਸ਼ਟਰੀ ਔਰਤ ਦਿਵਸ, ਪਵਿੱਤਰ ਹੋਲੀ ਤੇ ਹੋਲੇ ਮੁਹੱਲੇ ਦੇ ਤਿਉਹਾਰਾਂ ਦੇ ਇਤਿਹਾਸਕ ਪੱਖਾਂ ਤੋਂ ਜਾਣੂੰ ਕਰਵਾਇਆ । ਕੌਂਸਲਰ ਮੈਡਮ ਜੈਸਮੀਨ ਮੀਆਂ ਨੇ ਸੋਸਾਇਟੀ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿਵਾਇਆ । ਫਰਵਰੀ ਤੇ ਮਾਰਚ ਮਹੀਨੇ ਵਿੱਚ ਪੈਂਦੇ ਜਨਮ ਦਿਨ ਵਾਲੇ ਸੋਸਾਇਟੀ ਦੇ ਮੈਂਬਰਾਂ ਨੂੰ ਪ੍ਰਧਾਨਗੀ ਮੰਡਲ ਵੱਲੋਂ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ। ਬੱਚੀਆਂ ਨੇ ਰਵਾਇਤੀ ਢੰਗ ਨਾਲ ਗਿੱਧਾ ਪਾ ਕੇ ਹਾਜ਼ਰੀਨ ਮੈਂਬਰਾਂ ਦੇ ਮਨੋਰੰਜਨ ਨਾਲ ਸਭ ਦਾ ਮੰਨ ਮੋਹ ਲਿਆ।

ਸ੍ਰ ਬਲਜੀਤ ਸਿੰਘ ਪੰਧੇਰ ਨੇ ਸ਼ਹੀਦ ਭਗਤ ਸਿੰਘ ਦੀ ਜੀਵਨੀ ਤੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ। ਮੈਡਮ ਰਮਨ ਗਿੱਲ, ਚਰਨਜੀਤ ਕੌਰ, ਮਹਿੰਦਰ ਕੌਰ ਤੇ ਕਰਮ ਸਿੰਘ ਭੁੱਲਰ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਸਬੰਧ ਵਿੱਚ ਆਪਣੇ ਵਿਚਾਰ ਪ੍ਰਗਟ ਕੀਤੇ। ਫੈਡਰਲ ਚੋਣਾਂ ਵਿੱਚ ਖੜੇ ਦੋ ਉਮੀਂਦਵਾਰਾਂ ਸ੍ਰ ਅਮਨਪ੍ਰੀਤ ਸਿੰਘ ਗਿੱਲ ਤੇ ਸ੍ਰੀ ਰਾਜੇਸ਼ ਅੰਗਰਾਲ ਨੇ ਵੀ ਆਪਣੀ ਹਾਜ਼ਰੀ ਲਗਵਾਈ। ਸੁਖਮਿੰਦਰ ਸਿੰਘ ਗਿੱਲ,ਡਾਕਟਰ ਸਤਨਾਮ ਸਿੰਘ,ਸ੍ਰ ਤਰਲੋਕ ਸਿੰਘ ਚੂੱਗ,ਪਰਮਜੀਤ ਸਿੰਘ ਭੰਗੂ ਨੇ ਵੀ ਮੰਚ ਉਪਰੋਂ ਹਾਜਿਰੀ ਲਗਵਾਈ। ਵਿਸਾਖੀ ਦੇ ਦਿਹਾੜੇ ਨੂੰ ਸਮਰਪਿਤ 23 ਅਪ੍ਰੈਲ ਨੂੰ ਇਸੇ ਹੀ ਹਾਲ ਵਿੱਚ ਸਵੇਰ ਦੇ ਗਿਆਰਾਂ ਵਜੇ ਤੋਂ ਬਾਅਦ ਦੁਪਹਿਰ ਤਿੰਨ ਵਜੇ ਤੱਕ ਮਨਾਏ ਜਾ ਰਹੇ ਪਰੋਗਰਾਮ ਲਈ ਸਾਰਿਆਂ ਨੂੰ ਸਮੇ ਸਿਰ ਆਉਣ ਦੀ ਬੇਨਤੀ ਕੀਤੀ ਗਈ।

# ਕੈਲਗਰੀ ਵਿਖੇ ਧਾਰਮਿਕ ਕਵੀ ਦਰਬਾਰ 12 ਅਪ੍ਰੈਲ ਨੂੰ ਹੋਵੇਗਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ 12 ਅਪ੍ਰੈਲ 2025 ਵਾਲੇ ਦਿਨ ਸ਼ਾਮ 5 ਵਜੇ ਤੋਂ ਲੈ ਕੇ 8 ਵਜੇ ਤੱਕ ਗੁਰਦੁਆਰਾ ਸਾਹਿਬ ਗੁਰੂ ਰਾਮਦਾਸ ਦਰਬਾਰ 5225-84 ਸਟਰੀਟ ਨਾਰਥ ਈਸਟ ਕੈਲਗਰੀ ਵਿਖੇ ਕਰਵਾਇਆ ਜਾ ਰਿਹਾ ਹੈ।ਇਹ ਸਾਰਾ ਪ੍ਰੋਗਰਾਮ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰਚੇ ਹੋਏ ਖਾਲਸਾ ਪੰਥ ਦੇ ਸਬੰਧ ਵਿੱਚ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਖਾਲਸਾ ਪੰਥ ਦੇ ਸਿਰਜਣਾ ਦਿਵਸ ਦੇ ਸਬੰਧ ਵਿੱਚ ਤੁਸੀਂ ਕੋਈ ਵੀ ਆਪਣੀ ਰਚਨਾ ਜਾਂ ਕਿਸੇ ਦੀ ਲਿਖੀ ਹੋਈ ਰਚਨਾ ਪੇਸ਼ ਕਰ ਸਕਦੇ ਹੋ। ਇਸ ਸਬੰਧੀ ਹੋਰ ਜਾਣਕਾਰੀ ਲਈ ਤੁਸੀਂ ਭੋਲਾ ਸਿੰਘ ਚੌਹਾਨ ਨਾਲ 403 708 2901 ਉੱਪਰ ਫੋਨ ਕਰਕੇ ਆਪਣਾ ਨਾਂ ਰਜਿਸਟਰ ਕਰਵਾ ਸਕਦੇ ਹੋ।

HMP
CUSTOM CABINETS
SPECIALIST IN
CUSTOM KITCHEN, BARS, WASHROOM VANITY, CLOSET & ALL COMMERCIAL MILL WORK
BUILT GARAGE,
GARAGE DOOR INSTALLATION,
NEW HOUSE FRAMING,
OLD HOUSE EXTENSION & ANY OTHER ADD ON CONSTRUCTION WORK,
BASEMENT DEVELOPMENT
HMP
PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

SUPERVISA
Medical Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
Pii Punjab Insurance Inc
SERVICES
- Life Insurance
- Mortgage Insurance
- Critical Illness Insurance
- Disability Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ
ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
403 404 3500
sidhu.harpinder@gmail.com
Harpinder Sidhu
REGIONAL MANAGER
Lovepreet Sidhu
REGIONAL MANAGER

ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ,ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ
LAKESIDE MEAT MASALA
Wings Special
Every Tuesday and Wednesday
Special Discount for Birthdays & Parties
10% OFF On 3 Labs
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ
Uber Eats
LAKESIDE MEAT MASALA
Now Serving Cooked Marinated Meat, Fish and Chicken
202, 175 Chestermere Station Way Chestermere, AB T1X 1V2
587.470.4000

## ਸੰਪਾਦਕੀ



ਸਾਂਝ ਅਤੇ ਸਹਿਜ ਸਫਲਤਾ ਦੇ ਦਰਵਾਜੇ ਹਨ।
-ਜੇਮਸ ਮੈਡੀਸਨ

# ਕਨੇਡਾ ਦੀਆਂ ਵੋਟਾਂ ਅਤੇ ਅਸੀਂ ਪੰਜਾਬੀ ਵੋਟਰ

ਕਨੇਡਾ ਭਰ ਅੰਦਰ ਅਪ੍ਰੈਲ ਮਹੀਨੇ ਫੈਡਰਲ ਚੋਣਾਂ ਹੋਣ ਜਾ ਰਹੀਆਂ ਹਨ। ਉਂਝ ਤਾਂ ਭਾਵੇਂ ਕਾਗਜੀ ਪੱਤਰੀਂ ਕਈ ਰਾਜਨੀਤਕ ਪਾਰਟੀਆਂ ਵੱਲੋਂ ਚੋਣ ਲੜਨ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਅਸਲ ਵਿੱਚ ਮੁੱਖ ਮੁਕਾਬਲਾ ਤਾਂ ਮੌਜੂਦਾ ਸੱਤਾਧਾਰੀ ਲਿਬਰਲ ਪਾਰਟੀ ਅਤੇ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਵਿਚਕਾਰ ਹੀ ਹੈ। ਐਨ ਡੀ ਪੀ ਇਸ ਵੇਲੇ ਤੀਜੀ ਧਿਰ ਵੱਜੋਂ ਪਰ ਬੀਤੇ ਸਮੇਂ ਵਿੱਚ ਲਿਬਰਲ ਸਰਕਾਰ ਲਈ ਠੁੰਮਣੇ ਵੱਜੋਂ ਵਿਚਰਦੀ ਰਹੀ ਹੈ। ਫੈਡਰਲ ਐਨ ਡੀ ਪੀ ਦਾ ਮੁੱਖ ਲੀਡਰ, ਸਿੱਖ ਚਿਹਰਾ ਜਗਮੀਤ ਸਿੰਘ ਹੋਣ ਕਾਰਣ ਪੰਜਾਬੀ ਭਾਈਚਾਰੇ ਦਾ ਉਸਦੀ ਪਾਰਟੀ ਵੱਲ ਖਿੱਚੇ ਜਾਣਾ ਸੁਭਾਵਿਕ ਹੀ ਹੈ ਪਰ ਦੂਜੀਆਂ ਰਾਜਨੀਤਕ ਪਾਰਟੀਆਂ ਵੀ ਭਾਰਤੀ ਮੂਲ ਦੇ ਲੋਕਾਂ ਨੂੰ ਆਪਣੇ ਵੋਟ ਬੈਂਕ ਵੱਜੋਂ ਵਰਤਣ ਦਾ ਮੌਕਾ ਅਜਾਈਂ ਨਹੀਂ ਜਾਣ ਦਿੰਦੀਆਂ । ਜਿਹੜੇ ਜਿਹੜੇ ਚੋਣ ਹਲਕਿਆਂ ਅੰਦਰ ਭਾਰਤੀ ਮੂਲ ਦੇ ਖਾਸ ਕਰਕੇ ਪੰਜਾਬੀਆਂ ਦੀ ਬਹੁ ਗਿਣਤੀ ਹੈ, ਉਸ ਇਲਾਕਿਆਂ ਅੰਦਰ ਦੋਵੇਂ ਹੀ ਪਾਰਟੀਆਂ ਦੇ ਉਮੀਂਦਵਾਰ ਪੰਜਾਬੀ ਮੂਲ ਦੇ ਹੀ ਹਨ। ਪੰਜਾਬੀ ਉਮੀਂਦਵਾਰ ਦੇ ਮੁਕਾਬਲੇ ਪੰਜਾਬੀ ਉਮੀਂਦਵਾਰ ਹੀ ਉਸ ਨੂੰ ਟੱਕਰ ਦੇ ਸਕਦਾ ਹੈ। ਇਹ ਫਾਰਮੂਲਾ ਭਾਵੇਂ ਰਾਜਨੀਤਕ ਪਾਰਟੀਆਂ ਨੂੰ ਤਾਂ ਪੂਰੀ ਤਰਾਂ ਫਿੱਟ ਬੈਠਦਾ ਹੈ ਪਰ ਪੰਜਾਬੀ ਭਾਈਚਾਰੇ ਅੰਦਰ ਇਹ ਦਰਾੜਾਂ ਪਾਉਣ ਦਾ ਕੰਮ ਹੀ ਕਰਦਾ ਹੈ। ਕਨੇਡਾ ਦੀਆਂ ਚੋਣਾਂ ਮੌਕੇ ਸਾਡੇ ਪੰਜਾਬੀ ਭਾਈਚਾਰੇ ਦੀ ਰਾਜਨੀਤਕ ਪਾਰਟੀਆਂ ਬਾਰੇ ਆਪਣੀ ਖੁਦ ਦੀ ਕੋਈ ਪੱਕੀ ਵਿਚਾਰਧਾਰਾ ਜਾਂ ਪਾਰਟੀ ਦੀਆਂ ਵਿਚਾਰਧਾਰਾਵਾਂ ਨਾਲ ਸਹਿਮਤੀ ਜਾਂ ਅਸਿਹਮਤੀ ਨਾ ਹੋਣਾ ਵੀ ਭਾਈਚਾਰੇ ਲਈ ਖਤਰਨਾਕ ਹੈ। ਜੋ ਪੰਜਾਬ ਵਿੱਚ ਹੁੰਦਾ ਸੀ ਉਹੀ ਹਾਲ ਕਨੇਡਾ ਦੀਆਂ ਚੋਣਾਂ ਮੌਕੇ ਹੁੰਦਾ ਹੈ । ਰਾਜਨੀਤਕ ਪਾਰਟੀਆਂ ਧਾਰਮਿਕ ਅਤੇ ਸਮਾਜ ਸੇਵਕ ਕਹਾਉਂਦੇ ਲੋਕਾਂ ਨੂੰ ਇਹਨੀ ਦਿਨੀ ਪ੍ਰੈਸਰ ਗਰੁੱਪਾਂ ਦੇ ਰੂਪ ਵਿੱਚ ਵਰਤਦੀਆਂ ਹਨ। ਮੰਦਰ ਮਸਜਿਦ ਗੁਰਦੁਆਰੇ ਵੀ ਰਾਜਨੀਤਕ ਪਾਰਟੀਆਂ ਦੀ ਇਸ ਮਾਰ ਤੋਂ ਨਹੀਂ ਬਚ ਸਕੇ। ਬਹੁਤੇ ਪੰਜਾਬੀ ਵੋਟਰਾਂ ਦਾ ਇਹੀ ਮੰਨਣਾ ਹੁੰਦਾ ਐ, ਕਿ ਅਖੇ ਜੀ ਫਲਾਣਾ ਸਿਉਂ ਜਿੱਧਰ ਆਖੂਗਾ ਆਪਾਂ ਤਾਂ ਉਧਰ ਹੀ ਵੋਟ ਪਾਵਾਂਗੇ। ਅੱਗੇ ਫ਼ਲਾਣਾਂ ਸਿਉਂ ਵੀ ਪਾਰਟੀ ਦੇ ਵੱਡੇ ਲੀਡਰਾਂ ਕੋਲ ਇਹ ਗੱਲਾਂ ਆਖੀ ਬੈਠਾ ਹੁੰਦਾ ਹੈ ਕਿ ਮੇਰੇ ਕੋਲ ਸਾਡੇ ਭਾਈਚਾਰੇ ਦਾ ਐਡਾ ਵੱਡਾ ਵੋਟ ਬੈਂਕ ਹੈ। ਬਹੁਤੇ ਪੰਜਾਬੀ ਵੋਟਰਾਂ ਦਾ ਇਹ ਹਾਲ ਹੈ ਕਿ ਉਹਨਾਂ ਨੇ ਹਾਲੇ ਤੱਕ ਇਹ ਮਨ ਨਹੀਂ ਬਣਾਇਆ ਕਿ ਉਹਨਾਂ ਦੀ ਵੋਟ ਕਿਸ ਉਮੀਂਦਵਾਰ ਦੇ ਵੋਟ ਬਕਸੇ ਵਿੱਚ ਜਾਣੀ ਚਾਹੀਦੀ ਹੈ। ਇੱਕ ਹੋਰ ਬਹੁਤ ਮਾੜਾ ਰੂਝਾਨ ਇਹ ਵੀ ਹੈ ਕਿ ਕਨੇਡਾ ਦੇ ਜੰਮਪਲ ਬੱਚਿਆਂ ਨੂੰ ਵੀ ਬਹੁਤ ਵਾਰੀ ਪਰਿਵਾਰ ਦੇ ਵਡੇਰਿਆਂ ਵੱਲੋਂ ਇਹ ਕਿਹਾ ਜਾਂਦਾ ਹੈ ਕਿ ਇਸ ਵਾਰ ਆਪਾਂ ਵੋਟ ਫਲਾਣੇ ਦੇ ਕਹਿਣ ਉੱਪਰ ਫਲਾਣੇ ਉਮੀਂਦਵਾਰ ਹੀ ਪਾਉਣੀ ਹੈ ਜਦੋਂ ਕਿ ਇੱਥੋਂ ਦੇ ਜੰਮਪਲ ਬੱਚੇ ਤਾਂ ਇਹਨਾਂ ਰਾਜਨੀਤਕ ਪਾਰਟੀਆਂ ਦੀਆਂ ਚੰਗੀਆਂ ਮਾੜੀਆਂ ਨੀਤੀਆਂ ਤੋਂ ਜਾਣੂ ਹੁੰਦੇ ਹਨ। ਇਸ ਲਈ ਜਦੋਂ ਉਹ ਨਾਂਹ ਨੁੱਕਰ ਵਾਲਾ ਜੁਆਬ ਦਿੰਦੇ ਹਨ ਤਾਂ ਫਿਰ ਮਾਪਿਆਂ ਕੋਲ ਉਹਨਾਂ ਦੀ ਉਹਨਾਂ ਦੇ ਸੁਝਾਏ ਗਏ ਉਮੀਂਦਵਾਰ ਪ੍ਰਤੀ ਤਸੱਲੀ ਕਰਵਾਉਣ ਲਈ ਕੋਈ ਠੋਸ ਸ਼ਬਦਾਵਲੀ ਨਹੀਂ ਹੁੰਦੀ। ਕਨੇਡਾ ਆਕੇ ਪੰਜਾਬੀਆਂ ਨੂੰ ਕਿਸੇ ਦੇ ਕਹੇ ਕਹਾਏ ਵੋਟ ਪਾਉਣ ਦੀ ਰਵਾਇਤੀ ਆਦਤ ਨੂੰ ਛੱਡਕੇ, ਕਨੇਡਾ ਦੀਆਂ ਰਾਜਨੀਤਕ ਪਾਰਟੀਆਂ ਦੀਆਂ ਨੀਤੀਆਂ ਉੱਪਰ ਨਜ਼ਰ ਮਾਰਨ ਦੀ ਆਦਤ ਪਾਉਣੀ ਚਾਹੀਦੀ ਹੈ। ਉਮੀਂਦਵਾਰਾਂ ਦੇ ਰੈਜ਼ੂਮੇ ਚੈੱਕ ਕਰਨੇ ਚਾਹੀਦੇ ਹਨ। ਜਿਹੜੇ ਉਮੀਂਦਵਾਰ ਦੂਜੀ -ਤੀਜੀ ਵਾਰ ਇਲੈਕਸ਼ਨ ਲੜ ਰਹੇ ਹਨ ਉਹਨਾਂ ਦੀ ਬੀਤੇ ਸਮੇਂ ਦੌਰਾਨ ਕਾਰਗੁਜਾਰੀ ਦੀ ਫਾਈਲ ਫਰੋਲ ਲੈਣੀ ਚਾਹੀਦੀ ਹੈ। ਆਸੇ ਪਾਸੇ ਤੋਂ ਬਿੜਕ ਰੱਖਿਆ ਕਰੋ ਕਿ ਰਾਜਨੀਤੀ ਵਿੱਚ ਆਉਣ ਉਪਰੰਤ ਇਸ ਉਮੀਂਦਵਾਰ ਦਾ ਸਾਈਡ ਬਿਜਨਿਸ ਕਿੰਨਾ ਕੁ ਪ੍ਰਫੁਲਤ ਹੋਇਆ ਹੈ। ਰਾਜਸੀ ਪ੍ਰਭਾਵ ਵਰਤਦਿਆਂ ਕਿੰਨੀਆਂ ਕੁ ਕੰਪਨੀਆਂ ਵਿੱਚ ਹਿੱਸੇਦਾਰੀਆਂ ਪ੍ਰਫੁਲਤ ਹੋਈਆਂ ਹਨ। ਹੁਣ ਕਨੇਡਾ ਦੀਆਂ ਫੈਡਰਲ ਚੋਣਾਂ 28 ਅਪ੍ਰੈਲ 2025 ਨੂੰ ਹੋਣ ਜਾ ਰਹੀਆਂ ਹਨ । ਸੋ ਪੰਜਾਬੀਓ ਇਹ ਫੈਸਲਾਕੁਨ ਘੜੀ ਦੀ ਸਹੀ ਵਰਤੋਂ ਕਰਦਿਆਂ ਹੀ ਤੁਸੀਂ ਆਪਣਾ ਅਤੇ ਆਪਣੇ ਬੱਚਿਆਂ ਦਾ ਭਵਿੱਖ ਸੰਵਾਰ ਸਕਦੇ ਹੋ। ਫਲਾਣਾ ਸਿਉਂ ਦਾ ਖਹਿੜਾ ਛੱਡਣਾਂ ਹੀ ਪੈਣਾ ਹੈ ਕਿਉਂਕਿ ਹੋ ਸਕਦੈ ਫ਼ਲਾਣਾ ਸਿਉਂ ਤਾਂ ਅਗਲੀਆਂ ਚੋਣਾਂ ਮੌਕੇ ਨੀਲੀ ਤੋਂ ਸੰਤਰੀ ਜਾਂ ਸੰਤਰੀ ਤੋਂ ਨੀਲੀ ਜਾਂ ਲਾਲ ਪੀਲੀ ਕਿਸੇ ਵੀ ਰੰਗ ਦੀ ਪੱਗ ਦਾ ਤੁਰਲਾ ਉੱਚਾ ਕਰ ਸਕਦਾ ਹੈ ਪਰ ਉਸ ਵੇਲੇ ਉਸ ਦੇ ਉੱਚੇ ਤੁਰਲੇ ਵੱਲ ਵੇਖਦਿਆਂ ਤੁਸੀਂ ਆਪਣੇ ਆਪ ਨੂੰ ਨੀਵਾਂ ਮਹਿਸੂਸ ਕਰੋਂਗੇ । ਸੋ ਸਾਵਧਾਨ !

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਲੋਕ ਨੁਮਾਇੰਦੇ - ਸੱਤਾ ਅਤੇ ਵਿਰੋਧੀ ਧਿਰਾਂ



-ਗੁਰਮੀਤ ਸਿੰਘ ਪਲਾਹੀ
-9815802070

ਭਾਰਤ ਦੇ ਚੁਣੇ ਹੋਏ ਲੋਕ ਨੁਮਾਇੰਦਿਆਂ ਦੇ ਕੰਮ ਕਰਨ ਦੇ ਢੰਗ ਤਰੀਕਿਆਂ ਉਤੇ ਵੱਡੇ ਸਵਾਲ ਉੱਠ ਰਹੇ ਹਨ। ਸਵਾਲ ਉੱਠ ਰਹੇ ਹਨ ਕਿ ਉਹ ਲੋਕਾਂ ਤੋਂ ਵੋਟਾਂ ਲੈਕੇ ਪੰਜ ਸਾਲਾਂ ਲਈ ਆਪਣੀ ਗੱਦੀ ਪੱਕੀ ਕਰਕੇ ਲੋਕਾਂ ਲਈ ਜਵਾਬ ਦੇਹ ਨਹੀਂ ਰਹਿ ਜਾਂਦੇ ? ਸਵਾਲ ਇਹ ਵੀ ਉੱਠ ਰਹੇ ਹਨ ਕਿ ਆਖ਼ਰ ਜਨਤਾ ਦਾ ਕਸੂਰ ਕੀ ਹੈ ਜਿਹਨਾਂ ਨੇ ਆਪਣੀਆਂ ਉਮੀਦਾਂ ਦੇ ਸੁਪਨੇ ਸੰਜੋਅ ਕੇ ਉਹਨਾਂ ਨੂੰ ਸੰਸਦ ਜਾਂ ਵਿਧਾਨ ਸਭਾ 'ਚ ਪਹੁੰਚਾਇਆ, ਅਤੇ ਉਹ ਲੋਕਾਂ ਦੇ ਪੱਲੇ ਕੁੱਝ ਪਾ ਹੀ ਨਹੀਂ ਰਹੇ। ਕੀ ਜਨਤਾ ਦੇ ਇਹ ਨੁਮਾਇੰਦੇ ਵਿਧਾਨ ਸਭਾਵਾਂ ਜਾਂ ਸੰਸਦ ਵਿਚ ਕਾਗਜ਼ ਫਾੜਨ, ਕੁਰਸੀਆਂ ਉਲਟੀਆਂ ਕਰਨ, ਇਕ-ਦੂਜੇ ਉਤੇ ਚਿੱਕੜ ਸੁੱਟਣ, ਗਾਲੀ-ਗਲੋਚ ਕਰਨ ਅਤੇ ਆਪਣੀਆਂ ਕਿੜਾਂ ਕੱਢਣ ਲਈ ਹੀ ਇਹਨਾਂ ਸਦਨਾਂ 'ਚ ਪੁੱਜੇ ਹਨ।

ਵਿਧਾਨ ਸਭਾ, ਲੋਕ ਸਭਾ, ਰਾਜ ਸਭਾ ਸਦਨਾਂ ਦੀ ਕਾਰਵਾਈ ਚਲਦੀ ਹੈ, ਜਨਤਾ ਇਸ ਕਾਰਵਾਈ ਨੂੰ 'ਲਾਈਵ' ਵੇਖਦੀ ਹੈ। ਨਿਰਾਸ਼ਾ ਪੱਲੇ ਪੈਂਦੀ ਹੈ ਜਨਤਾ ਦੇ ਉਦੋਂ, ਜਦੋਂ ਉਹਨਾ ਦੀ ਕੋਈ ਵੀ ਸਮੱਸਿਆ ਇਹਨਾਂ ਸਦਨਾਂ ਵਿੱਚ ਵਿਚਾਰੀ ਨਹੀਂ ਜਾਂਦੀ। ਸੱਤਾ ਪੱਖ ਆਪਣੀ ਮਰਜ਼ੀ ਦੇ ਬਿੱਲ ਲਿਆਉਂਦੀ ਹੈ। ਵਿਰੋਧੀ ਧਿਰ ਆਪਣਾ ਪੱਖ ਰੱਖਣ ਦੀ ਕੋਸ਼ਿਸ਼ ਕਰਦੀ ਹੈ।ਵਿਚਾਰ ਵਟਾਂਦਰਾਂ ਤਾਂ ਕੀ ਸੁਣਨਾ ਹੈ, ਉਹਨਾ ਦੇ ਬੋਲ ਸਦਨ @ਚ ਸੁਣਨ ਹੀ ਨਹੀਂ ਦਿੱਤੇ ਜਾਂਦੇ। ਵਿਚਾਰ-ਵਟਾਂਦਰੇ ਦੀ ਥਾਂ ਵਿਰੋਧੀ ਧਿਰਾਂ ਨੂੰ ਸਦਨ ਵਿਚੋਂ ਬਾਹਰ ਤੋਰ ਦੇਣਾ, ਇਕੋ ਇਕ ਉਪਾਅ ਰਹਿ ਗਿਆ ਹੈ ਤਾਂ ਕਿ ਸੱਤਾ ਧਿਰ ਵਲੋਂ ਆਪਣੀ ਮਰਜ਼ੀ ਕੀਤੀ ਜਾ ਸਕੇ।

ਪਿਛਲੇ ਦਿਨੀਂ ਦਿੱਲੀ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਦੇ 21 ਵਿਧਾਇਕਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਰਾਜਸਥਾਨ ਵਿਧਾਨ ਸਭਾ 'ਚ ਇੰਦਰਾ ਗਾਂਧੀ ਨੂੰ ਦਾਦੀ ਕਹਿ ਦੇਣ ਦਾ ਵਿਰੋਧ ਹੋਇਆ, ਹੰਗਾਮਾ ਹੋਇਆ, ਛੇ ਵਿਧਾਇਕਾਂ ਨੂੰ ਸਦਨ 'ਚੋਂ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ। ਅਸਲ ਵਿੱਚ ਜ਼ਿੰਮੇਦਾਰ ਅਹੁਦਿਆਂ 'ਤੇ ਬੈਠੇ ਲੋਕ ਵਿਰੋਧੀ ਧਿਰ ਨੂੰ ਟਿੱਚ ਸਮਝਦੇ ਹਨ। ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦਾ ਨੇਤਾ ਅਤੇ ਸੱਤਾ ਪੱਖ ਸਮੇਤ ਮੁੱਖਮੰਤਰੀ ਵਾਧੂ ਜਿਹੀਆਂ ਗੱਲਾਂ 'ਤੇ ਉਲਝਦੇ ਵੇਖੇ ਗਏ। ਮਹਿਣੋ-ਮਹਿਣੀ ਹੋਣਾ ਤਾਂ ਆਮ ਜਿਹੀ ਗੱਲ ਹੈ।

ਵਿਰੋਧੀਆਂ ਨੂੰ ਨੀਵਾਂ ਦਿਖਾਉਣਾ ਅਤੇ ਹਰ ਹੀਲੇ ਉਹਨਾਂ ਨੂੰ ਖੂੰਜੇ ਲਾਉਣ ਦੀ ਪਰਵਿਰਤੀ ਮੌਜੂਦਾ ਲੋਕਤੰਤਰ ਵਿੱਚ ਧੁਰ ਹੇਠਲੀਆਂ ਸਥਾਨਕ ਸਰਕਾਰਾਂ, ਪੰਚਾਇਤੀ ਸੰਸਥਾਵਾਂ ਤੋਂ ਆਰੰਭ ਹੁੰਦੀ ਹੈ। ਪਿੰਡ ਪੰਚਾਇਤਾਂ 'ਚ ਲੋਕ ਆਪਣੇ ਨੁਮਾਇੰਦੇ ਚੁਣਦੇ ਹਨ, ਪਰ ਜਿਹਨਾਂ ਹੱਥ ਸੱਤਾ ਆ ਜਾਂਦੀ ਹੈ, ਉਹ ਵਿਰੋਧੀ ਪੰਚਾਂ ਦੀ ਬਾਤ ਹੀ ਨਹੀਂ ਪੁੱਛਦੇ, ਉਹਨਾਂ ਦੀ ਕੋਈ ਰਾਇ ਨਹੀਂ ਲੈਂਦੇ। ਮਰਜ਼ੀ ਨਾਲ, ਲੁਕ-ਛਿਪਕੇ ਕਾਗਜ਼ੀਂ ਪੱਤਰੀਂ ਮੀਟਿੰਗਾਂ ਕਰਦੇ ਹਨ, ਕੰਮ ਚਲਾਈ ਰੱਖਦੇ ਹਨ, ਸਰਕਾਰੀ ਤੰਤਰ ਉਹਨਾਂ ਦੀ ਮਦਦ ਕਰਦਾ ਹੈ। ਇਹੋ ਪਰਵਿਰਤੀ ਵਿਧਾਨ ਸਭਾ ਚੁਣੇ ਜਾਣ ਉਪਰੰਤ ਸੱਤਾ ਧਿਰ ਦੀ ਬਣ ਜਾਂਦੀ ਹੈ।

ਪਹਿਲਾਂ ਤਾਂ ਵਾਹ ਲਗਦਿਆਂ ਵਿਧਾਨ ਸਭਾ ਦੀਆਂ ਮੀਟਿੰਗਾਂ ਹੀ ਨਹੀਂ ਹੁੰਦੀਆਂ। ਜੇਕਰ ਹੁੰਦੀਆਂ ਹਨ ਤਾਂ ਸਮਾਂ ਬਿਲਕੁਲ ਸੀਮਤ ਹੁੰਦਾ ਹੈ। ਸਰਕਾਰੀ ਬਿੱਲ, ਕਾਨੂੰਨ ਬਨਾਉਣ ਲਈ ਵਿਰੋਧੀ ਧਿਰ ਨੂੰ ਸਦਨੋਂ ਬਾਹਰ ਕਰਨ ਲਈ ਢੰਗ ਤਰੀਕੇ ਵਰਤੇ ਜਾਂਦੇ ਹਨ, ਅਤੇ ਫਿਰ ਬਿੱਲ, ਆਪਣੀ ਹੀ ਬਹੁਸੰਮਤੀ ਨਾਲ ਪਾਸ ਕਰ ਲਏ ਜਾਂਦੇ ਹਨ। ਹਕੂਮਤ ਚਲਾਈ ਜਾਂਦੀ ਹੈ। ਲੋਕ-ਮਸਲੇ ਲੁਪਤ ਰਹਿੰਦੇ ਹਨ। ਵਿਧਾਨ ਸਭਾਵਾਂ, ਲੋਕ ਸਭਾ 'ਚ ਇਹ ਮੁੱਦੇ, ਮਸਲੇ ਉਠਾਉਣ ਲਈ ਮੌਕੇ ਹੀ ਨਹੀਂ ਮਿਲਦੇ। ਉਂਜ ਵੀ ਲੋਕਾਂ ਦੇ ਮਸਲੇ ਉਠਾਉਣ ਵਾਲੇ ਨੇਤਾਵਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਲੋਕ ਸਭਾ, ਵਿਧਾਨ ਸਭਾਵਾਂ 'ਚ ਪਹੁੰਚਣ ਵਾਲੇ ਬਹੁਤੇ ਲੋਕ ਧਨਵਾਨ ਲੋਕ ਹਨ, ਜਿਹੜੇ ਆਮ ਲੋਕਾਂ ਦੀਆਂ ਧੁਰ ਅੰਦਰਲੀਆਂ ਸਮੱਸਿਆਵਾਂ ਤੋਂ ਜਾਣੂ ਹੀ ਨਹੀਂ ਹਨ। ਇਸਦੇ ਨਾਲ-ਨਾਲ ਅਪਰਾਧਿਕ ਪਿਛੋਕੜ ਵਾਲੇ ਲੋਕ ਵੀ ਵੱਡੀ ਗਿਣਤੀ 'ਚ ਇਹਨਾਂ ਲੋਕਤੰਤਰੀ ਸੰਵਿਧਾਨਿਕ ਸਦਨਾਂ 'ਚ ਜਾ ਬੈਠੇ ਹਨ। ਭਲਾ ਇਹੋ ਜਿਹੇ ਲੋਕਾਂ ਤੋਂ ਆਮ ਲੋਕਾਂ ਦੀਆਂ ਸਮੱਸਿਆਵਾਂ ਦੀ ਗੱਲ ਕਰਨੀ-ਸੁਣਨੀ ਕੀ ਸੰਭਵ ਹੈ ?

ਏ.ਡੀ.ਆਰ. ਰਿਪੋਰਟ ਅਨੁਸਾਰ 514 ਮੌਜੂਦਾ ਮੈਂਬਰ ਪਾਰਲੀਮੈਂਟ ਵਿੱਚੋਂ 225 (44 ਫੀਸਦੀ) ਪਾਰਲੀਮੈਂਟ ਮੈਂਬਰਾਂ ਉਤੇ ਅਪਰਾਧਿਕ ਮਾਮਲੇ ਦਰਜ਼ ਹਨ, ਜਿਹਨਾਂ ਵਿੱਚ ਬਲਾਤਕਾਰ, ਕਤਲ ਤੱਕ ਦੇ ਮਾਮਲੇ ਹਨ ਅਤੇ 5 ਫੀਸਦੀ ਐਮ ਪੀ 100 ਕਰੋੜ ਤੋਂ ਵੱਧ ਦੌਲਤ ਦੇ ਮਾਲਕ ਹਨ। ਉੱਤਰਪ੍ਰਦੇਸ਼, ਮਹਾਂਰਾਸ਼ਟਰ, ਬਿਹਾਰ, ਆਂਧਰਾ ਪ੍ਰਦੇਸ਼, ਤਿਲੰਗਾਨਾ ਅਤੇ ਹਿਮਾਚਲ ਪ੍ਰਦੇਸ਼ ਦੇ ਅੱਧੇ ਤੋਂ ਵੱਧ ( 50 ਫੀਸਦੀ ਤੋਂ ਵੱਧ ) ਵੱਖੋਂ ਵੱਖਰੀਆਂ ਪਾਰਟੀਆਂ ਦੇ ਨੇਤਾ ਇਹੋ ਜਿਹੇ ਹਨ, ਜਿਹਨਾ ਉਤੇ ਅਪਰਾਧਿਕ ਮਾਮਲਿਆਂ ਸਬੰਧੀ ਕੇਸ ਥਾਣਿਆਂ ਅਤੇ ਅਦਾਲਤਾਂ 'ਚ ਹਨ।

28 ਵਿਧਾਨ ਸਭਾਵਾਂ ਅਤੇ ਦੋ ਕੇਂਦਰ ਸਾਸ਼ਤ ਪ੍ਰਦੇਸ਼ਾਂ ਦੇ 4001 ( ਕੁੱਲ 4033 ) ਦੇ ਕੀਤੇ ਏ.ਡੀ.ਆਰ. ਸਰਵੇ ਅਨੁਸਾਰ 44 ਫੀਸਦੀ ਵਿਧਾਇਕਾਂ 'ਤੇ ਆਪਰਾਧਿਕ ਪਰਚੇ ਦਰਜ ਮਿਲੇ ਅਤੇ ਉਹਨਾਂ ਵਿੱਚੋਂ 1136 ( 28% ਉਤੇ) ਗੰਭੀਰ ਅਪਰਾਧਿਕ ਮਾਮਲੇ ਹਨ। ਇਹਨਾਂ 4001 ਵਿਧਾਇਕਾਂ ਵਿਚੋਂ 88 ( 2 % ) ਕੋਲ ਪ੍ਰਤੀ ਵਿਧਾਇਕ 100 ਕਰੋੜ ਤੋਂ ਵੱਧ ਧਨ ਹੈ। ਫਰਵਰੀ 2025 'ਚ ਦਿੱਲੀ ਵਿਧਾਨ ਸਭਾ ਲਈ ਚੁਣੇ ਵਿਧਾਇਕਾਂ ਵਿਚੋਂ 31 ਵਿਧਾਇਕਾਂ @ਤੇ ਆਪਰਾਧਿਕ ਮਾਮਲੇ ਅਤੇ ਭਾਜਪਾ ਦੀ ਚੁਣੀ ਸਰਕਾਰ ਦੇ 7 ਮੰਤਰੀਆਂ ਵਿੱਚੋਂ 5 ਮੰਤਰੀਆਂ ਵਿਰੁੱਧ ਅਪਰਾਧਿਕ ਮਾਮਲੇ ਦਰਜ਼ ਹਨ।

ਲੋਕ ਸਭਾ, ਵਿਧਾਨ ਸਭਾ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਲੋਕਾਂ ਦੇ ਦਿੱਤੇ ਟੈਕਸ ਵਿੱਚੋਂ ਲੱਖਾਂ ਰੁਪਏ ਪ੍ਰਤੀ ਸਾਲ ਤਨਖਾਹ, ਭੱਤੇ ਅਤੇ ਪੈਨਸ਼ਨਾਂ ਦਿੱਤੀਆਂ ਜਾਂਦੀਆਂ ਹਨ। ਲੋਕ ਸਭਾ, ਵਿਧਾਨ ਸਭਾਵਾਂ ਦੇ ਸੈਸ਼ਨ 'ਤੇ ਜਾਣ ਲਈ ਭੱਤੇ ਅਤੇ ਹੋਰ ਸਹੂਲਤਾਂ ਦੇ ਵੀ ਉਹ ਹੱਕਦਾਰ ਹਨ। ਹੈਰਾਨੀ ਹੁੰਦੀ ਹੈ, ਉਸ ਵੇਲੇ ਜਦੋਂ ਕਈ ਨੁਮਾਇੰਦਿਆਂ ਨੂੰ ਸਦਨਾਂ ਦੇ ਸੈਸ਼ਨ ਦੌਰਾਨ ਸੁੱਤਿਆਂ ਵੇਖੀਦਾ ਹੈ। ਕਈ 'ਭੱਦਰਪੁਰਸ਼' ਤਾਂ ਇਹੋ ਜਿਹੇ ਹਨ ਜਿਹੜੇ ਸਦਨਾਂ ਵਿਚ ਬਹੁਤ ਘੱਟ ਹਾਜ਼ਰੀ ਭਰਦੇ ਹਨ, ਬਹੁਤ ਘੱਟ ਬੋਲਦੇ ਹਨ ਭਾਵ ਚੁੱਪੀ ਧਾਰੀ ਰੱਖਦੇ ਹਨ ਤੇ ਪੰਜ ਸਾਲ 'ਮੋਨ' ਧਾਰਨ ਕਰਕੇ ਆਪਣੀ ਟਰਮ ਖਤਮ ਕਰ ਲੈਂਦੇ ਹਨ। ਆਖ਼ਰ ਇਹੋ ਜਿਹੇ ਲੋਕਾਂ ਤੋਂ ਆਮ ਲੋਕ ਕੀ ਤਵੱਕੋਂ ਕਰ ਸਕਦੇ ਹਨ ?

ਇਹ ਧਿਆਨ ਦੇਣ ਯੋਗ ਹੈ ਕਿ ਸੰਸਦ ਨੂੰ ਚਲਾਉਣ ਲਈ ਹਰ ਘੰਟੇ ਡੇਢ ਕਰੋੜ ਦਾ ਖਰਚਾ ਆਉਂਦਾ ਹੈ। ਐਤਕਾਂ ਦੇ ਲੋਕ ਸਭਾ ਸ਼ੈਸ਼ਨ ਦੌਰਾਨ ਪਿਛਲੇ 5 ਦਿਨਾਂ 'ਚ ਬੱਸ 5 ਫੀਸਦੀ ਕੰਮ ਹੋਇਆ ਅਤੇ ਲੋਕ ਸਭਾ 69 ਮਿੰਟ ਚਲੀ ਅਤੇ ਰਾਜ ਸਭਾ 94 ਮਿੰਟ ਚਲੀ। ਇਹਨਾਂ ਬੈਠਕਾਂ 'ਚ ਸਿਆਸਤ ਦੇ ਮੁੱਦੇ ਅਲੱਗ ਹੀ ਰਹੇ, ਜਿਹਨਾਂ ਦਾ ਆਮ ਲੋਕਾਂ ਨਾਲ ਸਰੋਕਾਰ ਹੀ ਕੋਈ ਨਹੀਂ।

ਸਾਡੇ ਦੇਸ਼ ਦੇ ਐਮ.ਪੀਜ਼ ਨੇ ਜਿਵੇਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਰਾਜਨੀਤੀ ਦੀ ਖੂੰਡੀ ਤੇ ਟੰਗ ਦਿੱਤਾ ਹੈ, ਉਹ ਲੋਕਤੰਤਰ ਉੱਤੇ ਧੱਬਾ ਹੈ। ਭਾਰਤ ਦੀ ਸੰਸਦ ਦੇ ਤਿੰਨ ਅੰਗ ਰਾਸ਼ਟਰਪਤੀ, ਲੋਕ ਸਭਾ, ਰਾਜ ਸਭਾ ਹਨ। ਵਰਤਮਾਨ ਭਾਰਤ ਦੀ ਸੰਸਦ ਵਿੱਚ 790 ਮੈਂਬਰ ਹਨ। ਭਾਰਤ ਦੀ ਸੰਸਦ ਦੇ ਤਿੰਨ ਸਤਰ ਹੁੰਦੇ ਹਨ ਅਤੇ ਲੱਗਭਗ ਪੂਰੇ ਸਾਲ ਵਿੱਚ 100 ਦਿਨ ਕੰਮ ਕਰਨਾ ਹੁੰਦਾ ਹੈ। ਜਿਸ ਉਤੇ 600 ਕਰੋੜ ਖਰਚੇ ਹੁੰਦੇ ਹਨ, ਭਾਵ ਪ੍ਰਤੀ ਦਿਨ 6 ਕਰੋੜ ਰੁਪਏ। ਜੇਕਰ ਇਹਨਾਂ ਸਦਨਾਂ ਨੇ ਕੰਮ ਹੀ ਨਹੀਂ ਕਰਨਾ ਤਾਂ ਆਖ਼ਰ ਇਹਨਾ ਕਾਨੂੰਨ ਘਾੜੀਆਂ ਸੰਸਥਾਵਾਂ ਦੀ ਚੋਣ ਦਾ ਅਰਥ ਹੀ ਕੀ ਰਹਿ ਜਾਂਦਾ ਹੈ ?

ਜੇਕਰ ਇੰਨਾ ਖ਼ਰਚ ਕੀਤਿਆਂ ਵੀ ਸਦਨ ਵਿੱਚ ਇਕ-ਦੂਜੇ ਵਿਰੁੱਧ, ਭਾਰਤੀ ਸਿਆਸਤ ਦੇ ਆਪਣੇ ਤੋਂ ਪਹਿਲੇ ਨੇਤਾਵਾਂ ਦੇ ਨੁਕਸ ਕੱਢਣ ਉਤੇ ਹੀ ਚਰਚਾ ਹੋਣੀ ਹੈ ਤੇ ਸਮਾਂ ਤੇ ਪੈਸਾ ਹੀ ਬਰਬਾਦ ਹੋਣਾ ਹੈ ਤਾਂ ਇਹ ਭਾਰਤੀ ਲੋਕਤੰਤਰ ਲਈ ਕਿਸੇ ਵੀ ਤਰ੍ਹਾਂ ਯੋਗ ਨਹੀਂ ਮੰਨਿਆ ਜਾ ਸਕਦਾ।

ਬਿਨ੍ਹਾਂ ਸ਼ੱਕ ਮੌਜੂਦਾ ਦੌਰ 'ਚ ਚੰਗੇ ਨੇਤਾਵਾਂ ਦੀ ਭਾਰਤ 'ਚ ਕਮੀ ਵੇਖਣ ਨੂੰ ਮਿਲ ਰਹੀ ਹੈ। ਵੰਸ਼ਵਾਦੀ ਨੇਤਾਵਾਂ ਦੀ ਭਰਮਾਰ ਹੋ ਰਹੀ ਹੈ। ਦੇਸ਼ ਦੇ ਸੰਵਿਧਾਨ ਨੂੰ ਬਦਲਣ ਦੇ ਯਤਨਾਂ 'ਚ ਰੂੜੀਵਾਦੀ ਨੇਤਾ ਦੇਸ਼ ਦੀ ਸਿਆਸਤ ਨੂੰ ਪ੍ਰਭਾਵਤ ਕਰ ਰਹੇ ਹਨ। ਵਿਰੋਧੀ ਸੁਰਾਂ ਵਾਲੇ ਨੇਤਾਵਾਂ ਨੂੰ ਸਿਆਸੀ ਗਲਿਆਰਿਆਂ 'ਚ ਲੁਪਤ ਕਰਨ ਲਈ ਸੱਤਾ ਧਿਰ ਯਤਨਸ਼ੀਲ ਹੈ। ਅਪਮਾਨ ਜਨਕ, ਉੱਚੇ ਬੋਲ ਬੋਲਣ ਵਾਲੇ ਹੰਕਾਰੀ ਨੇਤਾ ਸਦਨ ਵਿੱਚ ਬਾਹਾਂ ਉਲਾਰਦੇ, ਧੱਕਾ ਧੌਂਸ ਦਿਖਾਉਂਦੇ ਆਪਣੀ ਗਲਤ ਗੱਲ ਨੂੰ ਵੀ ਸਹੀ ਕਰਦੇ ਵੇਖੇ ਜਾਂਦੇ ਹਨ। ਇਹੋ ਜਿਹੀ ਸਿਆਸਤ ਕਰਨ ਵਾਲੇ ਨੇਤਾ ਕੀ ਲੋਕ-ਹਿਤੈਸ਼ੀ ਸਿਆਸਤ ਕਰ ਸਕਦੇ ਹਨ ? ਸ਼ਾਇਦ ਕਦਾਚਿਤ ਨਹੀਂ।

ਪਿਛਲੇ ਦੋ ਦਹਾਕਿਆਂ ਤੋਂ ਖਾਸ ਤੌਰ ਤੇ ਲੋਕ ਨੁਮਾਇੰਦਿਆਂ ਦੀ ਚੋਣ ਦਾ ਦ੍ਰਿਸ਼ ਅਤੇ ਢੰਗ ਵੀ ਬਦਲ ਗਿਆ ਹੈ। ਸਿਆਸੀ ਧਿਰਾਂ ਦਾ ਕੰਮ ਕਰਨ ਦਾ ਮੰਤਵ ਲੋਕ ਸੇਵਾ ਨਹੀਂ, ਕੁਰਸੀ ਹਥਿਆਉਣਾ ਰਹਿ ਗਿਆ ਹੈ। ਚੋਣਾਂ ਤੋਂ ਪਹਿਲਾਂ ਲੌਲੀਪੌਪ ਵਿਖਾਏ ਜਾਂਦੇ ਹਨ, ਲੋਕਾਂ ਨੂੰ ਭਰਮਾਇਆ ਜਾਂਦਾ ਹੈ, ਵੱਧ ਤੋਂ ਵੱਧ ਮੁਫ਼ਤ ਸਹੂਲਤਾਂ ਦੇਣ ਦੇ ਵਚਨ ਦਿੱਤੇ ਜਾਂਦੇ ਹਨ, ਅਤੇ ਇਸੇ ਅਧਾਰ 'ਤੇ ਚੋਣਾਂ ਜਿੱਤ ਲਈਆਂ ਜਾਂਦੀਆਂ ਹਨ। ਲੋਕ ਲਭਾਊ ਨਾਹਰੇ, ਪੈਸਾ, ਅਤੇ ਧੱਕਾ ਧੌਂਸ ਅੱਜ ਸਿਆਸੀ ਆਗੂਆਂ ਦੇ ਚੋਣ-ਗਹਿਣੇ ਬਣ ਚੁੱਕੇ ਹਨ।

ਵੋਟ ਖਰੀਦਣ ਦੀ ਪਰਵਿਰਤੀ ਲੋਕਤੰਤਰ ਨੂੰ ਢਾਅ ਲਾ ਰਹੀ ਹੈ। ਨੈਤਿਕ ਤੌਰ ਤੇ ਨੇਤਾ ਲੋਕ ਇੰਨੀ ਨਿਵਾਣ ਵੱਲ ਚਲੇ ਗਏ ਹਨ ਕਿ ਇਕ ਪਾਰਟੀ ਤੋਂ ਚੋਣ ਜਿੱਤਦੇ ਹਨ, ਅਤੇ ਚੋਣ ਤੋਂ ਤੁਰੰਤ ਬਾਅਦ ਮੰਤਰੀ-ਸੰਤਰੀ ਦੀ ਕੁਰਸੀ ਪਾਉਣ ਲਈ, ਸੱਤਾ ਹਥਿਆਉਣ ਲਈ ਚੋਣਾਂ 'ਚ ਵੈਰੀ ਰਹੇ, ਅਤੇ ਬਾਅਦ @ਚ ਮਿੱਤਰ ਬਣੇ ਦਿਸਣਾ, ਆਮ ਗੱਲ ਹੋ ਗਈ ਹੈ। ਇਹ ਭਾਰਤ ਦੀ ਅਜੋਕੀ ਸਿਆਸਤ ਦਾ ਭੈੜਾ ਰੰਗ ਅਤੇ ਭੈੜਾ ਕਿਰਦਾਰ ਬਣ ਚੁੱਕਾ ਹੈ। ਬਿਹਾਰੀ ਬਾਬੂ ਨਤੀਸ਼ ਅਤੇ ਆਂਧਰਾ ਪ੍ਰਦੇਸ਼ ਦਾ ਚੰਦਰ ਬਾਬੂ ਨਾਇਡੂ, ਜੋ ਕਦੇ ਭਾਜਪਾ ਵਿਰੋਧੀ ਸੀ, ਉਹ ਮੌਜੂਦਾ ਭਾਰਤੀ ਕੇਂਦਰੀ ਸਰਕਾਰ ਦੀਆਂ ਫੌਹੜੀਆਂ ਬਣ ਚੁੱਕਾ ਹੈ। ਪੰਜਾਬ 'ਚ ਜਿਵੇਂ ਕਾਰਪੋਰੇਸ਼ਨ ਚੋਣਾਂ 'ਚ ਸੱਤਾ ਧਿਰ ਨੇ, ਵਿਰੋਧੀ ਧਿਰ ਦੇ ਕੌਂਸਲਰਾਂ ਨੂੰ ਪੁੱਟਿਆ, ਆਪਣੀ ਪਾਰਟੀ 'ਚ ਲਿਆਕੇ ਵੱਡੇ ਅਹੁਦੇ ਦਿੱਤੇ ਅਤੇ ਫਿਰ ਸਥਾਨਕ ਚੋਣਾਂ 'ਚ ਜਿੱਤ ਦੇ ਵੱਡੇ ਦਾਅਵੇ ਕੀਤੇ, ਉਹ ਅਜੋਕੇ ਸਮੇਂ ਦੀ ਬੇਰੰਗੀ ਸਥਾਨਕ ਸਰਕਾਰਾਂ ਦੀ ਸਿਆਸਤ ਦਾ ਇਕ ਭੈੜਾ ਰੰਗ ਸੀ।

ਲੋਕ ਨੁਮਾਇੰਦਿਆਂ ਤੋਂ ਅੱਜ ਦਾ ਭਾਰਤੀ ਸਮਾਜ ਉਪਰਾਮ ਹੈ, ਕਿਉਂਕਿ ਉਹ ਲੋਕਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਤਾਂ ਕਰਦੇ ਹਨ, ਪਰ ਅਮਲਾਂ 'ਚ ਪੂਰੇ ਨਹੀਂ ਉਤਰ ਰਹੇ। ਲੋਕਾਂ ਦੀ ਜਿਹੜੀ ਅਵਾਜ਼ ਸਦਨ ਵਿੱਚ ਗੂੰਜਣੀ ਚਾਹੀਦੀ ਹੈ, ਵਿਰੋਧੀ ਧਿਰ ਉਹ ਅਵਾਜ਼ ਚੁੱਕ ਨਹੀਂ ਰਹੀ। ਸੱਤਾ ਧਿਰ ਲੋਕਾਂ ਦੇ ਮਸਲਿਆਂ ਦੇ ਹੱਲ ਲਈ ਗੰਭੀਰ ਨਹੀਂ, ਉਹ ਤਾਂ ਆਪਣੇ ਉਹਨਾ ਆਕਾਵਾਂ, 'ਕਾਰਪੋਰੇਟਾਂ', ਧੰਨ ਕੁਬੇਰਾਂ ਨੂੰ ਖੁਸ਼ ਕਰਨ ਦੇ ਯਤਨ 'ਚ ਹੈ, ਜਿਹੜੇ ਉਹਨਾਂ ਉਤੇ ਧੰਨ ਦੀ ਵਰਖਾ ਕਰਦੇ ਹਨ।

# ਡੋਨਾਲਡ ਟਰੰਪ ਦਾ ਬਰੇਨ ਚਾਈਲਡ : ਪ੍ਰਾਜੈਕਟ-2025 ਆਰ.ਐਸ.ਐਸ.ਦਾ ਦੂਜਾ ਰੂਪ



ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਡੋਨਾਲਡ ਟਰੰਪ ਜੋ ਆਪ ਮੁਹਾਰੇ ਫ਼ੈਸਲੇ ਕਰ ਰਿਹਾ ਹੈ, ਇਹ ਇੱਕ ਗਿਣੀ ਮਿਥੀ ਯੋਜਨਾ ਦਾ ਹਿੱਸਾ ਹਨ। ਇਹ ਯੋਜਨਾ 2016 ਰਾਸ਼ਟਰਪਤੀ ਦੀ ਚੋਣ ਤੋਂ ਪਹਿਲਾਂ ਬਣਾਈ ਗਈ ਸੀ। ਪਹਿਲੀ ਟਰਮ ਵਿੱਚ ਟਰੰਪ ਉਸਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕਰ ਸਕਿਆ ਸੀ। ਹੁਣ ਉਸਨੂੰ ਅਮਲੀ ਜਾਮਾ ਪਹਿਨਾ ਰਿਹਾ ਹੈ। ਡੋਨਾਲਡ ਟਰੰਪ ਦਾ ਬਰੇਨ ਚਾਈਲਡ 'ਪ੍ਰਾਜੈਕਟ-2025' ਜੋ ਆਰ.ਐਸ.ਐਸ. ਦੀ ਨੀਤੀਆਂ ਦਾ ਦੂਜਾ ਰੂਪ ਹੈ, ਉਸਨੂੰ ਦੂਜੀ ਵਾਰ ਰਾਸ਼ਟਰਪਤੀ ਦੇ ਅਹੁਦੇ 'ਤੇ ਪਹੁੰਚਾਉਣ ਵਿੱਚ ਕਾਰਗਰ ਸਾਬਤ ਹੋਇਆ ਹੈ। ਇਸ ਕਰਕੇ ਰਾਸ਼ਟਰਪਤੀ ਡੋਨਲਡ ਟਰੰਪ ਆਪਣਾ ਅਹੁਦਾ ਸੰਭਾਲਦਿਆਂ ਹੀ 'ਪ੍ਰਾਜੈਕਟ-2025' ਨੂੰ ਲਾਗੂ ਕਰਨ 'ਤੇ ਉਤਰ ਆਏ ਹਨ, ਕਿਉਂਕਿ ਉਸਨੇ ਅਮਰੀਕਾ ਦੇ ਮੂਲ ਨਿਵਾਸੀਆਂ ਦੇ ਹੱਕਾਂ 'ਤੇ ਪਹਿਰਾ ਦੇਣ ਦੀ ਜਿਹੜਾ ਵਾਅਦਾ ਕੀਤਾ ਸੀ, ਉਸ 'ਤੇ ਹਰ ਹਾਲਤ ਵਿੱਚ ਅਮਲ ਕਰਨ ਵਿੱਚ ਜ਼ੋਰ-ਜ਼ਬਰਦਸਤੀ ਕਰ ਰਿਹਾ ਹੈ, ਜਿਵੇਂ ਭਾਰਤ ਵਿੱਚ ਨਰਿੰਦਰ ਮੋਦੀ ਕਰ ਰਿਹਾ ਹੈ। ਉਹ ਆਪਣੀ ਕਹੀ ਹਰ ਗੱਲ ਨੂੰ ਹੁਕਮ ਦੇ ਤੌਰ 'ਤੇ ਲਾਗੂ ਕਰਨਾ ਚਾਹੁੰਦਾ ਹੈ, ਜਦੋਂ ਕਿ ਅਮਰੀਕਾ ਦੇ ਸੰਵਿਧਾਨ ਅਨੁਸਾਰ ਸਰਕਾਰ ਦਾ ਇੱਕ ਕਾਇਦਾ ਕਾਨੂੰਨ ਹੈ, ਉਸ ਅਨੁਸਾਰ ਹੀ ਕਾਰਜ ਪ੍ਰਣਾਲੀ ਕੰਮ ਕਰੇਗੀ। ਜਿਸ ਕਰਕੇ ਕਚਹਿਰੀਆਂ ਉਸਦੇ ਕਈ ਹੁਕਮਾਂ 'ਤੇ ਪਾਬੰਦੀਆਂ ਲਾ ਚੁੱਕੀਆਂ ਹਨ। ਅਮਰੀਕਾ ਵਿੱਚ ਉਥੋਂ ਦੇ ਮੂਲ ਨਿਵਾਸੀ, ਜਿਨ੍ਹਾਂ ਨੂੰ ਰੈਡ ਇੰਡੀਅਨ ਕਿਹਾ ਜਾਂਦਾ ਹੈ, ਬਹੁਤ ਥੋੜ੍ਹੀ ਮਾਤਰਾ ਵਿੱਚ ਹਨ। ਵਰਤਮਾਨ ਸਮੇਂ ਬਹੁਤੇ ਅਮਰੀਕਨ ਸੰਸਾਰ ਦੇ ਹੋਰ ਦੇਸਾਂ ਤੋਂ ਪ੍ਰਵਾਸ ਕਰਕੇ ਹੀ ਅਮਰੀਕਾ ਵਿੱਚ ਆਏ ਹੋਏ ਹਨ। ਮੂਲ ਨਿਵਾਸੀਆਂ ਨੂੰ ਵੱਖਰੀਆਂ ਕਾਲੋਨੀਆਂ ਵਿੱਚ ਰੱਖਿਆ ਜਾਂਦਾ ਹੈ, ਉਨ੍ਹਾਂ ਨੂੰ ਰਾਸ਼ਣ ਅਤੇ ਹੋਰ ਸਾਮਾਨ ਸਸਤੀਆਂ ਦਰਾਂ 'ਤੇ ਦਿੱਤਾ ਜਾਂਦਾ ਹੈ। ਉਨ੍ਹਾਂ ਦੀ ਗਿਣਤੀ ਅਮਰੀਕਾ ਦੇ ਰਾਜ ਪ੍ਰਬੰਧ ਵਿੱਚ ਨਾ ਤਾਂ ਹਿੱਸੇਦਾਰ ਹੈ ਅਤੇ ਨਾ ਹੀ ਰਾਜ ਭਾਗ ਦੀ ਤਬਦੀਲੀ ਵਿੱਚ ਬਹੁਤਾ ਯੋਗਦਾਨ ਪਾ ਸਕਦੀ ਹੈ। ਉਹ ਆਰਾਮ ਪ੍ਰਸਤ ਲੋਕ ਹਨ। ਡੋਨਾਲਡ ਟਰੰਪ ਨੇ ਸਥਾਨਕ ਮੂਲ ਨਿਵਾਸੀ ਅਮਰੀਕੀਆਂ ਦੇ ਹਿੱਤਾਂ 'ਤੇ ਪਹਿਰਾ ਦੇਣ ਦਾ ਅਜਿਹਾ ਪੱਤਾ ਖੇਡਿਆ ਜਿਹੜਾ ਟਰੰਪ ਲਈ ਸਾਰਥਿਕ ਸਾਬਤ ਹੋਇਆ, ਕਿਉਂਕਿ ਡੋਨਾਲਡ ਟਰੰਪ ਕਹਿੰਦਾ ਹੈ ਕਿ ਪ੍ਰਵਾਸੀਆਂ ਨੇ ਅਮਰੀਕਾ ਵਿੱਚ ਆ ਕੇ ਸਥਾਨਕ ਲੋਕਾਂ ਦੇ ਹੱਕਾਂ ਨੂੰ ਨੁਕਸਾਨ ਪਹੁੰਚਾਇਆ ਹੈ। ਸਥਾਨਕ ਲੋਕ ਬੇਰੋਜ਼ਗਾਰ ਹੋ ਗਏ ਹਨ। ਹਾਲਾਂ ਕਿ ਡੋਨਾਲਡ ਟਰੰਪ ਦੀ ਪਤਨੀ ਮੇਲਾਨੀਆਂ ਵੀ ਪ੍ਰਵਾਸੀ ਹੈ। ਪ੍ਰਵਾਸੀਆਂ ਨੇ ਅਮਰੀਕਾ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ ਹੈ। ਵਿਓਪਾਰੀ ਲੋਕਾਂ ਨੂੰ ਸਸਤੇ ਆਈ.ਟੀ.ਮਾਹਰ ਅਤੇ ਕਾਮੇ ਮਿਲ ਰਹੇ ਹਨ, ਇਸ ਕਰਕੇ ਬਹੁਤੇ ਵਿਓਪਾਰੀ ਟਰੰਪ ਦੀ ਇਸ ਨੀਤੀ ਨਾਲ ਸਹਿਮਤ ਨਹੀਂ ਹਨ, ਪ੍ਰੰਤੂ ਟਰੰਪ ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਹਾਲਾਂਕਿ ਟਰੰਪ ਖੁਦ ਇੱਕ ਬਹੁਤ ਵੱਡਾ ਕਾਰੋਬਾਰੀ ਹੈ, ਉਸਨੇ ਜੋ ਆਪਣਾ ਏਜੰਡਾ ਬਣਾਇਆ ਹੈ, ਉਸਨੂੰ ਤੇਜ਼ੀ ਨਾਲ ਲਾਗੂ ਕਰ ਰਿਹਾ ਹੈ। ਉਸੇ ਲੜੀ ਵਿੱਚ ਉਸਨੇ ਸੰਸਾਰ ਵਿੱਚੋਂ ਗ਼ੈਰਕਾਨੂੰਨੀ ਢੰਗ ਨਾਲ ਆਏ ਪਰਵਾਸੀਆਂ ਨੂੰ ਅਮਰੀਕਾ ਵਿੱਚੋਂ ਬਾਹਰ ਕੱਢਣ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। 18000 ਗ਼ੈਰਕਾਨੂੰਨੀ ਭਾਰਤੀਆਂ 'ਤੇ ਵੀ ਦੇਸ਼ ਨਿਕਾਲੇ ਦੀ ਤਲਵਾਰ ਲਟਕ ਰਹੀ ਹੈ।ਡੋਨਾਲਡ ਟਰੰਪ ਨੇ ਨਵੰਬਰ 2016 ਦੀ ਰਾਸ਼ਟਰਪਤੀ ਦੀ ਚੋਣ ਲੜਨ ਤੋਂ ਪਹਿਲਾਂ ਅਮਰੀਕਨਾ ਦੇ ਸੁਨਹਿਰੇ ਭਵਿਖ ਲਈ ਇੱਕ ਪ੍ਰਾਜੈਕਟ/ਯੋਜਨਾ ਬਣਾਈ ਸੀ। ਇਸ ਪ੍ਰਾਜੈਕਟ/ਯੋਜਨਾ ਦਾ 2023 ਦੇ ਸ਼ੁਰੂ ਵਿੱਚ ਜ਼ਬਰਦਸਤ ਚੋਣ ਪ੍ਰਚਾਰ ਟਰੰਪ ਟੀਮ ਨੇ ਕੀਤਾ, ਜਿਸ ਵਿੱਚ ਉਹ ਸਫ਼ਲ ਹੋ ਗਏ ਕਿਉਂਕਿ ਉਨ੍ਹਾਂ ਚੋਣ ਪ੍ਰਚਾਰ ਵਿੱਚ ਲੋਕਾਂ ਨੂੰ ਆਪਣੇ ਨਾਲ ਜੋੜਨ ਵਿੱਚ ਕਾਮਯਾਬ ਰਹੇ। ਇਸ ਪ੍ਰਾਜੈਕਟ/ਯੋਜਨਾ ਨੂੰ 37 ਵਿਅਕਤੀਆਂ/ਲੇਖਕਾਂ ਨੇ ਬਣਾਇਆ। ਇਨ੍ਹਾਂ 37 ਵਿਚੋਂ 27 ਵਿਅਕਤੀ/ਲੇਖਕ ਡੋਨਲਡ ਟਰੰਪ ਦੀ ਪਿਛਲੀ ਸਰਕਾਰ ਵਿੱਚ ਅਹਿਮ ਅਹੁਦਿਆਂ 'ਤੇ ਨਿਯੁਕਤ ਸਨ ਅਤੇ ਬਾਕੀ 10 ਵੀ ਉਸਦੇ ਅਤਿਅੰਤ ਨਜ਼ਦੀਕੀ ਵਿਅਕਤੀ/ਲੇਖਕ ਹਨ। ਇਸ ਪ੍ਰਾਜੈਕਟ ਨੂੰ 100 ਤੋਂ ਵੱਧ ਰੂੜ੍ਹੀਵਾਦੀ ਸੰਗਠਨਾ ਦੇ ਨੈਟਵਰਕ ਦਾ ਸਮਰਥਨ ਪ੍ਰਾਪਤ ਹੈ। ਨਵੰਬਰ 2024 ਦੀ ਰਾਸ਼ਟਰਪਤੀ ਦੀ ਚੋਣ ਤੋਂ ਪਹਿਲਾਂ ਉਸਨੇ ਆਪਣੇ ਨਜ਼ਦੀਕੀਆਂ ਜਿਹੜੇ 'ਹੈਰੀਟੇਜ ਫ਼ਾਊਂਡੇਸ਼ਨ' ਦੇ ਬੈਨਰ ਹੇਠ ਕੰਮ ਕਰਦੇ ਹਨ, ਰਾਹੀਂ ਉਸ ਪੁਰਾਣੀ ਯੋਜਨਾ/ਪ੍ਰਾਜੈਕਟ ਨੂੰ ਨਵਾਂ ਰੂਪ ਦੇ ਕੇ 'ਪ੍ਰਾਜੈਕਟ-2025' ਦੇ ਬੈਨਰ ਹੇਠ ਬਣਾਇਆ। ਹੈਰੀਟੇਜ ਫ਼ਾਊਂਡੇਸ਼ਨ ਇੱਕ ਕਿਸਮ ਨਾਲ ਭਾਰਤ ਦੀ ਆਰ.ਐਸ.ਐਸ.ਦੀ ਤਰ੍ਹਾਂ ਹੈ, ਇਸਨੂੰ ਆਰ.ਐਸ.ਐਸ.ਦਾ ਦੂਜਾ ਰੂਪ ਕਿਹਾ ਜਾ ਸਕਦਾ ਹੈ। ਜਿਸਦਾ ਟੀਚਾ ਅਮਰੀਕਾ ਨੂੰ ਸੰਭਾਵੀ ਰੂਪ ਵਿੱਚ ਰੂੜ੍ਹੀਵਾਦੀ ਮੁੱਲਾਂ ਨੂੰ ਬਣਾਈ ਰੱਖਣ ਵਾਲੀ ਇੱਕ ਸਰਕਾਰੀ ਪ੍ਰਣਾਲੀ ਨੂੰ ਮੁੜ ਸਥਾਪਤ ਕਰਨਾ ਹੈ, ਜਿਸ ਵਿੱਚ ਪਰਿਵਾਰਿਕ ਮੁੱਲਾਂ ਦੀ ਪੁਨਰ ਸਥਾਪਨਾ, ਸਰਹੱਦਾਂ ਦੀ ਸੁਰੱਖਿਆ ਅਤੇ ਅਮਰੀਕਨਾ ਦੇ ਨਿੱਜੀ ਅਧਿਕਾਰਾਂ ਦੀ ਰੱਖਿਆ ਸ਼ਾਮਲ ਹੈ। ਇਸ 'ਪ੍ਰਾਜੈਕਟ-2025' ਦਾ ਡੋਨਲਡ ਟਰੰਪ ਨੇ ਧੂੰਆਂ ਧਾਰ ਹਮਲਾਵਰ ਢੰਗ ਨਾਲ ਚੋਣ ਪ੍ਰਚਾਰ ਕੀਤਾ। ਪ੍ਰਾਜੈਕਟ-2025, ਜਿਸਨੂੰ ਹੈਰੀਟੇਜ ਫ਼ਾਊਂਡੇਸ਼ਨ ਨੇ ਤਿਆਰ ਕੀਤਾ ਹੈ, ਇੱਕ ਰੂਪ ਰੇਖਾ ਹੈ ਜੋ ਡੋਨਾਲਡ ਟਰੰਪ ਦੇ ਸਰਕਾਰੀ ਏਜੰਡੇ ਨੂੰ ਪਰਿਭਾਸ਼ਤ ਕਰਦਾ ਹੈ। ਇਸ ਏਜੰਡੇ ਦਾ ਮੁੱਖ ਨਿਸ਼ਾਨਾ 'ਪ੍ਰਸ਼ਾਸ਼ਨਿਕ ਰਾਜ ਨੂੰ ਦਰੁਸਤ ਕਰਨਾ ਹੈ, ਜਿਸ ਵਿੱਚ ਸਰਕਾਰੀ ਏਜੰਸੀਆਂ ਦੇ ਢਾਂਚੇ, ਨੀਤੀਆਂ ਅਤੇ ਕਰਮਚਾਰੀਆਂ ਨੂੰ ਮੂਲ ਰੂਪ ਵਿੱਚ ਬਦਲਣਾ ਸ਼ਾਮਲ ਹੈ। 'ਪ੍ਰਾਜੈਕਟ-2025' ਦੇ ਮੁੱਖ ਨਿਸ਼ਾਨੇ ਇਸ ਪ੍ਰਕਾਰ ਹਨ:

1-ਮੂਲ ਰੂਪ ਰੇਖਾ ਅਤੇ ਸਿਧਾਂਤ

ਇਹ ਪ੍ਰਾਜੈਕਟ ਚਾਰ ਮੁੱਖ ਥੰਮ੍ਹਾਂ 'ਤੇ ਅਧਾਰਤ ਹੈ। ਨੀਤੀ ਏਜੰਡਾ, ਕਰਮਚਾਰੀ ਡਾਟਾਬੇਸ, ਪ੍ਰਸ਼ਾਸ਼ਨਿਕ ਸਿਖਲਾਈ ਅਤੇ ਪਹਿਲੇ 180 ਦਿਨਾ ਦੀ ਕਾਰਜ ਯੋਜਨਾ। ਇਸ ਪ੍ਰਾਜੈਕਟ ਦਾ ਮੁੱਖ ਮੁੱਦਾ ਰੂੜ੍ਹੀਵਾਦੀ ਮੁੱਲਾਂ ਨੂੰ ਬਣਾਈ ਰੱਖਣ ਵਾਲੀ ਇੱਕ ਸਰਕਾਰੀ ਪ੍ਰਣਾਲੀ ਨੂੰ ਮੁੜ ਸਥਾਪਿਤ ਕਰਨਾ ਹੈ, ਜਿਸ ਵਿੱਚ ਪਰਿਵਾਰਿਕ ਮੁੱਲਾਂ ਦੀ ਪੁਨਰ ਸਥਾਪਨਾ, ਸਰਹੱਦਾਂ ਦੀ ਸੁਰੱਖਿਆ ਅਤੇ ਨਿੱਜੀ ਅਧਿਕਾਰਾਂ ਦੀ ਰੱਖਿਆ ਸ਼ਾਮਲ ਹਨ।

2-ਪ੍ਰਮੁੱਖ ਨੀਤੀਗਤ ਸਿਫ਼ਾਰਸ਼ਾਂ

ਸਰਕਾਰੀ ਢਾਂਚੇ ਦਾ ਪੁਨਰਗਠਨ : 'ਪ੍ਰਾਜੈਕਟ-2025' ਵਿੱਚ ਸਿੱਖਿਆ ਵਿਭਾਗ (Department of Education) ਨੂੰ ਖ਼ਤਮ ਕਰਨ, ਸਰਕਾਰੀ ਕਰਮਚਾਰੀਆਂ ਦੀ ਭਰਤੀ ਪ੍ਰਕ੍ਰਿਆ ਨੂੰ ਰੱਦ ਕਰਨ ਅਤੇ ਨੌਕਰਸ਼ਾਹੀ ਨੂੰ ਘਟਾਉਣਾ ਦੀ ਸਿਫ਼ਾਰਸ਼ ਕਰਦਾ ਹੈ। ਇਹ ਹੈਡ ਸਟਾਰਟ ਪ੍ਰੋਗਰਾਮ ਦੇ ਪੂਰੇ ਖ਼ਾਤਮੇ ਦੀ ਵੀ ਮੰਗ ਕਰਦਾ ਹੈ, ਜੋ 8 ਲੱਖ ਤੋਂ ਵੱਧ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ।

ਸਮਾਜਿਕ ਨੀਤੀਆਂ 'ਤੇ ਪ੍ਰਭਾਵ : ਪ੍ਰਸੂਤੀ ਸੰਬੰਧੀ ਅਧਿਕਾਰਾਂ ਨੂੰ ਸੀਮਤ ਕਰਨ, ਗਰਭਪਾਤ ਦੀਆਂ ਦਵਾਈਆਂ (ਜਿਵੇਂ ਕਿ ਮਿਫਪ੍ਰਿਸਟੋਨ) 'ਤੇ ਪਾਬੰਦੀ ਲਗਾਉਣ ਅਤੇ LGBTQ+ ਅਧਿਕਾਰਾਂ ਵਿਰੁੱਧ ਕਾਰਵਾਈਆਂ ਦੀ ਯੋਜਨਾ ਬਣਾਈ ਗਈ ਹੈ। ਇਸਦੇ ਨਾਲ ਹੀ ਜਨਤਕ ਸੇਵਾ ਕਰਜ਼ਾ ਮਾਫ਼ੀ ਪ੍ਰੋਗਰਾਮ (Public Service Loan Forgiveness) ਨੂੰ ਖ਼ਤਮ ਕਰਨ ਦਾ ਪ੍ਰਸਤਾਵ ਹੈ।

ਆਰਥਿਕ ਅਤੇ ਪਰਿਵਾਰਸਨਾਮੀ ਨੀਤੀਆਂ : ਇਹ ਪ੍ਰਾਜੈਕਟ ਫਰਮਾ ਲਈ ਸਹਾਇਤਾ ਪ੍ਰੋਗਰਾਮਾ ਨੂੰ ਸੀਮਤ ਕਰਨ, ਜਨਤਕ ਆਵਾਜਾਈ ਦੇ ਫ਼ੰਡਿੰਗ ਨੂੰ ਘਟਾਉਣ ਅਤੇ ਜਲਵਾਯੂ ਨੂੰ ਲੈ ਕੇ ਨਿਯਮਾ ਨੂੰ ਖ਼ਤਮ ਕਰਨ ਦੀ ਗੱਲ ਕਰਦਾ ਹੈ। ਇਸਦੇ ਨਾਲ ਹੀ ਇਹ 'ਰੀਮੇਨ ਇਨ ਮੈਕਸੀਕੋ' ਨੀਤੀ ਨੂੰ ਮੁੜ ਲਾਗੂ ਕਰਨ ਅਤੇ ਸਰਹੱਦੀ ਕੰਧ ਦੇ ਨਿਰਮਾਣ ਨੂੰ ਤੇਜ਼ ਕਰਨ ਦੀ ਵਕਾਲਤ ਕਰਦਾ ਹੈ।

3-ਲਾਗੂ ਹੋਣ ਦੀ ਵਰਤਮਾਨ ਸਥਿਤੀ

ਟਰੰਪ ਪ੍ਰਸ਼ਾਸ਼ਨ ਦੀਆਂ ਸ਼ੁਰੂਆਤੀ ਕਾਰਵਾਈਆਂ : ਫ਼ਰਵਰੀ 2025 ਤੱਕ ਟਰੰਪ ਪ੍ਰਸ਼ਾਸ਼ਨ ਨੇ ਪਹਿਲਾਂ ਹੀ ਕਾਰਜਕਾਲੀ ਹੁਕਮ ਜ਼ਾਰੀ ਕੀਤੇ ਹਨ, ਜੋ 'ਪ੍ਰਾਜੈਕਟ-2025' ਦੀਆਂ ਸਿਫ਼ਾਰਸ਼ਾਂ ਨਾਲ ਮੇਲ ਖਾਂਦੇ ਹਨ। ਇਨ੍ਹਾਂ ਵਿੱਚ ਪੈਰਿਸ ਜਲਵਾਯੂ ਸਮਝੌਤੇ ਤੋਂ ਬਾਹਰ ਹੋਣਾ, ਅਲਾਸਕਾ ਵਿੱਚ ਤੇਲ ਅਤੇ ਗੈਸ ਡ੍ਰਿਲਿੰਗ ਨੂੰ ਵਧਾਉਣ ਅਤੇ ਪਰਵਾਸੀ ਨੀਤੀਆਂ ਨੂੰ ਸਖ਼ਤ ਕਰਨ ਵਰਗੇ ਕਦਮ ਸ਼ਾਮਲ ਹਨ।

ਪ੍ਰਾਜੈਕਟ-2025 ਦੇ ਡਾਟਾਬੇਸ ਦੀ ਵਰਤੋਂ : ਚੋਣ ਪ੍ਰਚਾਰ ਦੌਰਾਨ 'ਪ੍ਰਾਜੈਕਟ-2025' ਨੂੰ ਦੂਰ ਰੱਖਣ ਦੇ ਬਾਵਜੂਦ ਟਰੰਪ ਟੀਮ ਹੁਣ ਇਸਦੇ ਕਰਮਚਾਰੀ ਡਾਟਾ ਬੇਸ ਦੀ ਵਰਤੋਂ 4000 ਤੋਂ ਵੱਧ ਸਿਆਸੀ ਨਿਯੁਕਤੀਆਂ ਲਈ ਉਮੀਦਵਾਰ ਚੁਣਨ ਲਈ ਕਰ ਰਹੀ ਹੈ। ਇਸ ਡਾਟਾ ਬੇਸ ਨੂੰ 'ਰੂੜ੍ਹੀਵਾਦੀ LinkedIn ਵਜੋਂ ਦਰਸਾਇਆ ਜਾ ਰਿਹਾ ਹੈ, ਜਿਸ ਵਿੱਚ ਪ੍ਰੀ-ਵੈਟ ਕੀਤੇ ਗਏ ਉਮੀਦਵਾਰਾਂ ਦੀ ਜਾਣਕਾਰੀ ਸ਼ਾਮਲ ਹੈ।

ਵਿਵਾਦ ਅਤੇ ਅਸਹਿਮਤੀਆਂ : ਹਾਲਾਂਕਿ ਕਈ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ, ਪ੍ਰੰਤੂ ਕੁਝ ਮਾਮਲਿਆਂ ਵਿੱਚ ਟਰੰਪ ਪ੍ਰਸ਼ਾਸ਼ਨ ਨੇ 'ਪ੍ਰਾਜੈਕਟ-2025' ਦੀਆਂ ਸਿਫ਼ਾਰਸ਼ਾਂ ਤੋਂ ਵੱਖਰੇ ਫ਼ੈਸਲੇ ਲਏ ਹਨ। ਉਦਾਹਰਣ ਲਈ ਜਨਮਜਾਤ ਨਾਗਰਿਕਤਾ (Birthright Citizenship) ਨੂੰ ਚੁਣੌਤੀ ਦੇਣ ਜਾਂ ਊਰਜਾ ਐਮਰਜੈਂਸੀ ਦੀ ਘੋਸ਼ਣਾ ਕਰਨ ਦੇ ਪ੍ਰਸਤਾਵਾਂ ਨੂੰ ਅਜੇ ਤੱਕ ਨਹੀਂ ਅਪਣਾਇਆ ਗਿਆ ਹੈ।

4-ਚੁਣੌਤੀਆਂ ਅਤੇ ਆਲੋਚਨਾਵਾਂ

ਕਾਨੂੰਨੀ ਅਤੇ ਸਮਾਜਿਕ ਵਿਰੋਧ : ਟੈਕਸਾਸ ਅਤੇ ਵਾਸ਼ਿੰਗਟਨ ਵਰਗੇ ਰਾਜਾਂ ਵਿੱਚ 'ਪ੍ਰਾਜੈਕਟ- 2025' ਦੀਆਂ ਨੀਤੀਆਂ ਦੀ ਪ੍ਰੀਖਣ ਕੀਤੀ ਜਾ ਰਹੀ ਹੈ, ਜਿਸ ਵਿੱਚ ਗਰਭਪਾਤ ਨੂੰ ਅਪ੍ਰਾਧਿਕ ਬਣਾਉਣ ਅਤੇ ਲਿੰਗ-ਅਧਾਰਿਤ ਸੁਰੱਖਿਆ ਉਪਾਵਾਂ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਸ਼ਾਮਲ ਹਨ। ਇਹ ਕਦਮ ਅਦਾਲਤਾਂ ਅਤੇ ਵਿਰੋਧ ਪ੍ਰਦਰਸ਼ਨਾਂ ਦਾ ਸਾਹਮਣਾ ਕਰ ਰਹੇ ਹਨ।

ਅਰਥਚਾਰੇ 'ਤੇ ਪ੍ਰਭਾਵ : ਆਲੋਚਕਾਂ ਦਾ ਦਾਅਵਾ ਹੈ ਕਿ 'ਪ੍ਰਾਜੈਕਟ-2025' ਦੀਆਂ ਨੀਤੀਆਂ ਨਾਲ ਕਿਸਾਨਾਂ ਲਈ ਸਹਾਇਤਾ ਪ੍ਰੋਗਰਾਮ ਘਟਣਗੇ, ਜਨਤਕ ਆਵਾਜਾਈ ਦੇ ਬਜਟ ਵਿੱਚ ਕਟੌਤੀ ਹੋਵੇਗੀ ਅਤੇ ਮਜ਼ਦੂਰਾਂ ਦੇ ਅਧਿਕਾਰ ਘਟਣਗੇ। ਇਸਦੇ ਨਾਲ ਹੀ ਜਲਵਾਯੂ ਪਰਿਵਰਤਨ ਨੂੰ ਨਜ਼ਰਅੰਦਾਜ਼ ਕਰਨ ਵਾਲੀਆਂ ਨੀਤੀਆਂ ਨੂੰ ਵਿਗਿਆਨਕ ਸਮੁਦਾਇ ਦੁਆਰਾ ਖ਼ਾਰਜ ਕੀਤਾ ਗਿਆ ਹੈ।

5-ਨਤੀਜੇ ਅਤੇ ਭਵਿਖ ਦੀਆਂ ਸੰਭਾਵਨਾਵਾਂ


'ਪ੍ਰਾਜੈਕਟ-2025' ਦਾ ਸਫ਼ਲ ਹੋਣਾ ਰਾਜਨੀਤਕ ਸਹਿਯੋਗ, ਨਿਆਂ ਪਾਲਿਕਾ ਦੀਆਂ ਪ੍ਰਤੀਕ੍ਰਿਆਵਾਂ ਅਤੇ ਜਨਤਕ ਪ੍ਰਤੀਕ੍ਰਿਆ 'ਤੇ ਨਿਰਭਰ ਕਰੇਗਾ। ਹਾਲਾਂਕਿ ਇਸਦੇ ਸਮਰਥਕ ਇਸਨੂੰ 'ਡੂੰਘੇ ਰਾਜ (Deep State) ਨੂੰ ਖ਼ਤਮ ਕਰਨ ਦਾ ਇੱਕ ਸਾਧਨ ਦੱਸਦੇ ਹਨ, ਪ੍ਰੰਤੂ ਵਿਰੋਧੀਆਂ ਨੇ ਇਸਨੂੰ ਲੋਕਤੰਤਰ ਲਈ ਖ਼ਤਰਾ ਦੱਸਿਆ ਹੈ ਭਵਿਖ ਵਿੱਚ ਇਸ ਪ੍ਰਾਜੈਕਟ ਦਾ ਪ੍ਰਭਾਵ ਅਮਰੀਕੀ ਸਮਾਜ ਦੇ ਹਰ ਪੱਖ 'ਤੇ ਪਵੇਗਾ, ਜਿਸ ਵਿੱਚ ਸਿੱਖਿਆ, ਸਿਹਤ ਅਤੇ ਵਾਤਾਵਰਨ ਸ਼ਾਮਲ ਹਨ।

ਡੋਨਾਲਡ ਟਰੰਪ 'ਪ੍ਰਾਜੈਕਟ-2025' ਨੂੰ ਲਾਗੂ ਕਰਨ ਦੀ ਪੁਰਜ਼ੋਰ ਕੋਸ਼ਿਸ਼ ਕਰ ਰਿਹਾ ਹੈ, ਭਾਵੇਂ ਉਸਦੇ ਰਾਹ ਵਿੱਚ ਕਈ ਕਿਸਮ ਦੀਆਂ ਅੜਚਣਾਂ ਆ ਰਹੀਆਂ ਹਨ, ਜਿਨ੍ਹਾਂ ਵਿੱਚ ਟਰੰਪ ਵੱਲੋਂ ਐਲਨ ਮਸਨ ਨਾਲ ਡੀਪਾਰਟਮੈਂਟ ਆਫ਼ ਗਵਰਨਮੈਂਟ ਐਫ਼ੀਸੈਂਸੀ (Deep State) ਖ਼ਰਚੇ ਘਟਾਉਣ ਵਾਲੇ ਵਿਭਾਗ ਦੇ ਕੋ ਚੇਅਰਮੈਨ ਨਾਮਜ਼ਦ ਭਾਰਤੀ ਮੂਲ ਦੇ ਅਮਰੀਕਨ ਵਿਵੇਕ ਰਾਮਾਸਵਾਮੀ ਨੇ ਪ੍ਰਵਾਸੀਆਂ ਸੰਬੰਧੀ ਟਰੰਪ ਦੇ ਫ਼ੈਸਲੇ ਨੂੰ ਲੈ ਕੇ ਅਸਤੀਫ਼ਾ ਦੇ ਦਿੱਤਾ ਸੀ ਪ੍ਰੰਤੂ ਟਰੰਪ ਆਪਣੇ ਫ਼ੈਸਲੇ ਲਾਗੂ ਕਰਵਾਉਣ ਲਈ ਬਜਿਦ ਹੈ। ਉਹ ਆਪਣੇ ਕਿਸੇ ਸਹਿਯੋਗੀ ਦੀ ਵੀ ਪਰਵਾਹ ਨਹੀਂ ਕਰਦਾ। ਕਈ ਵਾਰੀ ਰਾਸ਼ਟਰਪਤੀ ਡੋਨਾਲਡ ਟਰੰਪ ਭਾਰਤ ਦੇ ਸਿਆਸਤਦਾਨਾ ਵਾਂਗੂੰ ਅਜੀਬ ਕਿਸਮ ਦੀ ਤੱਥਾਂ ਤੋਂ ਬਿਨਾ ਹੀ ਬਿਆਨਬਾਜ਼ੀ ਕਰ ਜਾਂਦਾ ਹੈ। ਉਹ ਬਿਆਨਬਾਜ਼ੀ ਵੀ ਇੱਕ ਯੋਜਨਾ ਅਨੁਸਾਰ ਕੀਤੀ ਜਾਂਦੀ ਹੈ ਤਾਂ ਜੋ ਰਾਸ਼ਟਰਪਤੀ ਦੀ ਕਾਰਜਪ੍ਰਣਾਲੀ ਦਾ ਡਰ ਬਣਿਆਂ ਰਹੇ। ਅਜੇ ਤੱਕ ਤਾਂ ਡੋਨਾਲਡ ਟਰੰਪ ਨੇ ਸਰਕਾਰ 'ਤੇ ਦਬਦਬਾ ਬਣਾਇਆ ਹੋਇਆ ਹੈ ਪ੍ਰੰਤੂ ਸੰਸਾਰ ਦੇ ਬਹੁਤੇ ਦੇਸ਼ ਉਸ ਦੀਆਂ ਨੀਤੀਆਂ ਦੀ ਹਮਾਇਤ ਨਹੀਂ ਕਰਦੇ। ਜੇਕਰ ਗ਼ੈਰ ਕਾਨੂੰਨੀ ਪ੍ਰਵਾਸੀਆਂ ਦੀ ਤਰ੍ਹਾਂ ਬਾਕੀ ਜਾਇਜ਼ ਢੰਗ ਨਾਲ ਅਮਰੀਕਾ ਵਿੱਚ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨਾਲ ਵੀ ਡੋਨਾਲਡ ਟਰੰਪ ਦਾ ਵਰਤਾਓ ਰਿਹਾ ਤਾਂ ਅਮਰੀਕਾ ਦੀ ਆਰਥਿਕਤਾ ਜਿਸਨੂੰ ਟਰੰਪ ਮਜ਼ਬੂਤ ਕਰਨ ਦੇ ਦਾਅਵੇ ਕਰ ਰਿਹਾ ਉਹ ਕਮਜ਼ੋਰ ਹੋ ਜਾਵੇਗੀ ਕਿਉਂਕਿ ਆਈ.ਟੀ.ਖ਼ੇਤਰ ਵਿੱਚ ਬਹੁਤਾ ਕੰਮ ਪਰਵਾਸੀ ਹੀ ਕਰਦੇ ਹਨ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Edmonton
Parminder Singh Balluana
+1 (204) 930-3030
780 599 2000
Email:
balluana.parminder@gmail.com




Regina
Gurbinder Singh Gagowal
306 520 4313,
639 999 1000
Email:
gur.gago@gmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca



**JASRAJ HALLAN**
CALGARY EAST
INFO@JASRAJ.CA
WWW.JASRAJ.CA

**AMANPREET GILL**
CALGARY SKYVIEW
VOTE@AMANPREETGILL.CA
WWW.AMANPREETGILL.CA

**DALWINDER GILL**
CALGARY MCKNIGHT
INFO@DALGILL.CA
WWW.DALGILL.CA

## ਕੰਜ਼ਰਵੇਟਿਵ ਪਾਰਟੀ ਲੀਡਰ ਪੀਅਰ ਪੌਇਲਿਐਵ ਵੱਲੋਂ ਕੀਤੇ ਗਏ ਅਹਿਮ ਐਲਾਨ: ਬਜ਼ੁਰਗਾਂ ਵਾਸਤੇ

- ਕੰਮ-ਕਾਜੀ ਬਜ਼ੁਰਗਾਂ ਨੂੰ 34 ਹਜ਼ਾਰ ਡਾਲਰ ਕਮਾਈ ਤੱਕ ਕੋਈ ਇਨਕਮ ਟੈਕਸ ਨਹੀਂ (ਹੁਣ ਤੱਕ ਇਹ ਰਕਮ 24 ਹਜ਼ਾਰ ਡਾਲਰ ਹੈ)
- ਰਿਟਾਇਰਮੈਂਟ ਦੀ ਉਮਰ 65 ਸਾਲ ਹੀ ਰਹੇਗੀ (67 ਨਹੀਂ ਹੋਵੇਗੀ)
- ਬਜ਼ੁਰਗ ਆਪਣੀ ਆਰ.ਆਰ.ਐਸ.ਪੀ. ਬੱਚਤ 73 ਸਾਲ ਦੀ ਉਮਰ ਤੱਕ ਰੱਖ ਸਕਣਗੇ (ਹੁਣ ਤੱਕ ਇਹ ਉਮਰ ਸੀਮਾ 71 ਸਾਲ ਹੈ)

## ਕਿਉਬੈਕ ਦੇ ਬਿਲ 21 ਬਾਰੇ

- ਕਿਉਬੈਕ ਸਰਕਾਰ ਦੇ ਬਿਲ 21 ਕਾਨੂੰਨ ਦਾ ਵਿਰੋਧ ਕੀਤਾ ਜਾਵੇਗਾ
- ਇਸ ਕਾਨੂੰਨ ਤਹਿਤ ਲੋਕ ਆਪਣੇ ਧਾਰਮਿਕ ਪ੍ਰਤੀਕ ਚਿੰਨ੍ਹ ਜਿਵੇਂ ਪੱਗ, ਕਿਰਪਾਣ, ਕਿੱਪਾ, ਕੜਾ, ਹਿਜਾਬ ਆਦਿ ਪਹਿਨ ਕੇ ਸਰਕਾਰੀ ਨੌਕਰੀ ਨਹੀਂ ਕਰ ਸਕਦੇ
- ਪੀਅਰ ਪੌਇਲਿਐਵ ਇਸ ਕਾਨੂੰਨ ਦਾ ਵਿਰੋਧ ਕਰਨਗੇ

## CANADA FIRST. FOR A CHANGE.

- ਅਮਰੀਕੀ ਟੈਰਿਫਾਂ ਉੱਪਰ ਬਰਾਬਰੀ ਦਾ ਜਵਾਬ
- ਟੈਰਿਫਾਂ ਤੋਂ ਪ੍ਰਭਾਵਿਤ ਵਿਅਕਤੀਆਂ ਅਤੇ ਅਦਾਰਿਆਂ ਲਈ ਟੈਰਿਫ ਮਾਲੀਆ ਦੀ ਮਦਦ
- ਕੰਮ-ਕਾਰਾਂ, ਨਿਵੇਸ਼ਾਂ, ਊਰਜਾ ਅਤੇ ਘਰ ਨਿਰਮਾਣ ਵਾਸਤੇ Bring it Home ਟੈਕਸ ਕਟੌਤੀ
- ਲਿਬਰਲ ਸਰਕਾਰ ਦੇ ਐਨਰਜੀ ਵਿਰੋਧੀ ਕਾਨੂੰਨ ਸੀ-69 ਅਤੇ ਗ੍ਰੀਨਲਾਇਟ ਰਿਸੋਰਸ ਪ੍ਰੋਜੈਕਟਾਂ ਦਾ ਖਾਤਮਾ
- ਸੂਬਿਆਂ ਦਰਮਿਆਨ ਵਪਾਰਕ ਬੈਰੀਅਰਾਂ ਦਾ ਖਾਤਮਾ
- ਆਪਣੀ ਮਿਲਟਰੀ ਦਾ ਪੁਨਰ-ਨਿਰਮਾਣ ਅਤੇ ਆਪਣੇ ਬਾਰਡਰਾਂ ਦਾ ਕੰਟਰੋਲ ਸਾਂਭਣਾ

## ONLY COMMON-SENSE CONSERVATIVES WILL FIX THE BUDGET

- ਟੈਕਸਾਂ ਵਿੱਚ ਕਟੌਤੀ
- ਮਹਿੰਗਾਈ ਨੂੰ ਹੇਠਾਂ ਲਿਆਉਣਾ
- ਖ਼ਰਚ ਕੀਤੇ ਜਾਣ ਵਾਲੇ ਪ੍ਰਤੀ ਡਾਲਰ ਦੇ ਬਦਲੇ ਬਚਤ ਲੱਭਣਾ ਅਤੇ ਇਸ ਵਾਸਤੇ ਡੌਲਰ ਫੌਰ ਡੌਲਰ ਕਾਨੂੰਨ ਲਿਆਉਣਾ
- ਬਜਟ ਘਾਟਾ ਹੇਠਾਂ ਲਿਆਉਣਾ
- ਕੈਨੇਡੀਅਨਾਂ ਵਾਸਤੇ ਕੀਮਤਾਂ ਵਿੱਚ ਕਮੀ ਲਿਆਉਣਾ

VOTE Conservative

AUTHORIZED BY THE OFFICIAL AGENT FOR JASRAJ HALLAN, AMANPREET GILL, AND DALWINDER GILL.

## CANADA CAN'T AFFORD A FOURTH LIBERAL TERM

- ਨੌਕਰੀਆਂ ਖ਼ਤਮ ਕਰਨ ਵਾਲਾ ਕਾਰਬਨ ਟੈਕਸ
- ਬੇਕਾਬੂ ਇਮਿਗ੍ਰੇਸ਼ਨ
- ਵਧਦੀਆਂ ਹੋਈਆਂ ਮੌਰਗੇਜ ਦਰਾਂ, ਕਿਰਾਏ ਅਤੇ ਘਰਾਂ ਦੀਆਂ ਕੀਮਤਾਂ
- ਅਪਰਾਧਕ ਨੀਤੀਆਂ 'ਤੇ ਨਰਮਾਈ ਜਿਸ ਕਾਰਨ ਹਿੰਸਕ ਅਪਰਾਧ 50%, ਗੰਨ ਅਪਰਾਧ 116% ਅਤੇ ਨਫ਼ਰਤੀ ਅਪਰਾਧ 250% ਵਧੇ

## AFTER 10 YEARS OF CARNEY-TRUDEAU LIBERALS:

- 80% ਮਿਡਲ ਕਲਾਸ ਕੈਨੇਡੀਅਨ ਵਧੇਰੇ ਇਨਕਮ ਟੈਕਸ ਦੇ ਰਹੇ ਹਨ
- ਪਿਛਲੇ ਸਾਲ ਦੇ ਮੁਕਾਬਲੇ ਪਰਿਵਾਰਾਂ ਨੂੰ ਭੋਜਨ ਉੱਪਰ 800 ਡਾਲਰ ਵੱਧ ਖ਼ਰਚਣੇ ਪੈ ਰਹੇ
- ਇਕ ਮਹੀਨੇ ਦੌਰਾਨ ਰਿਕਾਰਡ 20 ਲੱਖ ਲੋਕਾਂ ਨੂੰ ਫੂਡ ਬੈਂਕ ਜਾਣਾ ਪਿਆ
- ਘਰਾਂ ਦੀਆਂ ਕੀਮਤਾਂ, ਕਿਰਾਏ ਅਤੇ ਮੌਰਗੇਜ ਦਰਾਂ ਦੁੱਗਣੀਆਂ ਹੋਈਆਂ
- ਜੀ-7 ਦੇਸ਼ਾਂ ਵਿੱਚ ਕੈਨੇਡਾ ਦੀ ਆਰਥਕ ਵਿਕਾਸ ਦਰ ਸਭ ਤੋਂ ਹੇਠਾਂ
- ਸਾਡੇ ਸਿਰਾਂ 'ਤੇ 700 ਬਿਲੀਅਨ ਡਾਲਰ ਦਾ ਨਵਾਂ ਕਰਜ਼ਾ

## ਫੈਡਰਲ ਚੋਣ ਦੰਗਲ

# ਕੈਲਗਰੀ ਦਾ ਚੋਣ ਮੈਦਾਨ ਪਾਰਟੀ ਵਰਕਰਾਂ ਦੇ ਉਤਸ਼ਾਹ ਨਾਲ ਇਸ ਹਫਤੇ ਨੀਲੇ ਰੰਗ ਵਿੱਚ ਰੰਗਿਆ ਰਿਹਾ










ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 28 ਅਪ੍ਰੈਲ 2025 ਨੂੰ ਹੋਣ ਜਾ ਰਹੀਆਂ ਕੈਨੇਡਾ ਦੀਆਂ ਫੈਡਰਲ ਚੋਣਾਂ ਲਈ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਲਾਕੇ ਕੈਲਗਰੀ ਦੇ ਨਾਰਥ ਈਸਟ ਦਾ ਚੋਣ ਮੈਦਾਨ ਆਪਣੇ ਜਲੌਅ ਵਿੱਚ ਦਿਖਾਈ ਦੇਣ ਲੱਗਾ ਹੈ। ਕੈਲਗਰੀ ਮੈਕਨਾਈਟ ਤੋਂ ਕੰਜ਼ਰਵੇਟਿਵ ਉਮੀਦਵਾਰ ਦਲਵਿੰਦਰ ਗਿੱਲ ਅਤੇ ਕੈਲਗਰੀ ਸਕਾਈਵਿਊ ਤੋਂ ਅਮਨਪ੍ਰੀਤ ਗਿੱਲ ਵੱਲੋਂ ਕੀਤੀ ਗਈਆਂ ਚੋਣ ਰੈਲੀਆਂ ਮੌਕੇ ਨੀਲਾ ਅਸਮਾਨ ਅਤੇ ਪਾਰਟੀ ਵਰਕਰਾਂ ਦੀਆਂ ਨੀਲੀਆਂ ਟੀ ਸ਼ਰਟਾਂ ਇੱਕ ਮਿੱਕ ਹੁੰਦੀਆਂ ਦਿਖਾਈ ਦਿੱਤੀਆਂ। ਇਸ ਮੌਕੇ ਮੈਂਬਰ ਪਾਰਲੀਮੈਂਟ ਜਸਰਾਜ ਹੱਲਣ ਵੱਲੋਂ ਹਲਕੇ ਦੇ ਵੋਟਰਾਂ ਨੂੰ ਸੰਬੋਧਿਤ ਹੁੰਦਿਆ ਲਿਬਰਲਾਂ ਦੇ ਬੀਤੇ 10 ਸਾਲਾਂ ਦੇ ਕਾਰਜਕਾਲ ਉੱਪਰ ਟਕੋਰਾਂ ਕੀਤੀਆਂ ਗਈ ਕਿ ਇਹਨਾਂ ਨੇ ਮੁਲਕ ਵਿੱਚ ਆਰਥਿਕ ਅਰਾਜਿਕਤਾ , ਕਰਾਈਮ ਦਾ ਬੋਲਵਾਲਾ, ਅਤੇ ਬੇ-ਰੁਜਗਾਰੀ ਨੂੰ ਲੈਕੇ ਆਂਦਾ ਹੈ ਪਰ ਹੁਣ ਕਨੇਡੀਅਨ ਵੋਟਰ ਇਹਨਾਂ ਹੋਰ ਚਾਰ ਸਾਲ ਨਹੀਂ ਦੇ ਸਕਦੇ ਇਸ ਲਈ 28 ਅਪ੍ਰੈਲ ਦੀ ਸਾਮ ਸਾਡਾ ਪਰਾਈਮ ਮਨਿਸਟਰ ਪੀਅਰ ਪੋਲਵਿਰ ਹੋਵੇਗਾ। ਅਸੀਂ ਕੈਲਗਰੀ ਦੇ ਵੱਖੋ ਵੱਖ ਹਲਕਿਆਂ ਤੋਂ ਚੁਣੇ ਗਏ ਤੁਹਾਡੇ ਤਿੰਨੇ ਮੈਂਬਰ ਪਾਰਲੀਮੈਂਟ ਅਮਨਪ੍ਰੀਤ ਗਿੱਲ, ਦਲਵਿੰਦਰ ਗਿੱਲ ਅਤੇ ਮੈਂ ਜਸਰਾਜ ਹੱਲਣ ਔਟਵਾ ਵਿੱਚ ਤੁਹਾਡੀ ਨੁਮਾਇੰਦਗੀ ਕਰਾਂਗੇ। ਦੋ ਵੱਖ ਵੱਖ ਚੋਣ ਰੈਲੀਆਂ ਮੌਕੇ ਪੰਜਾਬੀ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿੱਚ ਮੌਜੂਦ ਸਨ।

## ਡਰੀਮ ਬਿਲਟ ਹੋਮਜ਼ ਵਾਲਿਆਂ ਦੇ ਨਵੇਂ ਸ਼ੋਅ ਹੋਮ ਦਾ ਉਦਘਾਟਨ ਗਾਇਕ ਅਤੇ ਫਿਲਮੀ ਹੀਰੋ ਐਮੀ ਵਿਰਕ ਨੇ ਕੀਤਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਪੰਜਾਬੀ ਭਾਈਚਾਰੇ ਦੀ ਘਰ ਬਣਾਉਣ ਵਾਲੀ ਨਾਮਵਰ ਕੰਪਨੀ ਡਰੀਮ ਬਿਲਟ ਹੋਮਜਵਾਲਿਆਂ ਦੇ ਚੈਸਟਰਮੀਅਰ ਵਿਖੇ ਨਵੇਂ ਬਣੇ ਸ਼ੋਅ ਹੋਮ ਦਾ ਉਦਘਾਟਨ ਹੋਇਆ । ਕੁਲਬੀਰ ਬਰਾੜ ਅਤੇ ਖੁਸ਼ ਸਿੱਧੂ ਵੱਲੋਂ ਆਯੋਜਿਤ ਇਸ ਸਮਾਗਮ ਦੀ ਵਿਲੱਖਣਤਾ ਇਹ ਰਹੀ ਕਿ ਉਦਘਾਟਨੀ ਰਸਮ ਦੇ ਮੌਕੇ ਉੱਪਰ ਪੰਜਾਬੀ ਗਾਇਕ ਅਤੇ ਪੰਜਾਬੀ ਫਿਲਮਾਂ ਦੇ ਹੀਰੋ ਐਮੀ ਵਿਰਕ ਵਿਸ਼ੇਸ਼ ਤੌਰ ਤੇ ਪੁੱਜੇ ਹੋਏ ਸਨ। ਇਸ ਮੌਕੇ ਐਮੀ ਵਿਰਕ ਡਰੀਮ ਬਿਲਟ ਹੋਮਜ਼ ਵਾਲਿਆਂ ਦੇ ਬਣਾਏ ਘਰਾਂ ਬਾਰੇ ਮਜਾਕ ਮਜਾਕ ਵਿੱਚ ਬੋਲਦਿਆਂ ਕਿਹਾ ਕਿ ਆਹ ਘਰ ਤਾਂ ਮੈਂ ਖਰੀਦ ਲਿਆ ਹੈ ਮੇਰੇ ਰੁਝੇਵਿਆਂ ਕਾਰਣ ਮੇਰੇ ਕੋਲ ਇੱਥੇ ਰਹਿਣ ਦੀ ਵਿਹਲ ਤਾਂ ਹੈ ਨਹੀਂ ਪਰ ਤੁਸੀਂ ਇਸ ਨੂੰ ਮੇਰੇ ਕੋਲੋਂ ਕਿਰਾਏ ਉੱਪਰ ਲੈ ਸਕਦੇ ਹੋ। ਇਸ ਮੌਕੇ ਐਮੀ ਵਿਰਕ ਨੇ ਆਪਣੇ ਹੱਥੀ ਦੋ ਲੱਕੀ ਡਰਾਅ ਟੀਵੀ ਅਤੇ ਵੈਕਿਊਮ ਵੀ ਕੱਢੇ ਗਏ। ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਐਮੀ ਵਿਰਕ ਨੇ ਕਿਹਾ ਕਿ ਪੰਜਾਬੀਆਂ ਨੇ ਸਖਤ ਮਿਹਨਤਾਂ ਨਾਲ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ ਜਿਹਨਾਂ ਵਿੱਚੋਂ ਕੁਲਬੀਰ ਬਰਾੜ ਅਤੇ ਖੁਸ਼ ਸਿੱਧੂ ਹੋਰਾਂ ਦੀ ਆਹ ਘਰ ਬਣਾਉਣ ਵਾਲੀ ਕੰਪਨੀ ਉੱਪਰ ਮਾਣ ਕੀਤਾ ਜਾ ਸਕਦਾ ਹੈ । ਇਹਨਾਂ ਦੇ ਕੰਮ ਕਰਨ ਦੀ ਚੰਗੀ ਕੁਆਲਿਟੀ ਹੀ ਭਵਿੱਖ ਵਿੱਚ ਇਹਨਾਂ ਦਾ ਨਾਂ ਹੋਰ ਚਮਕਾਵੇਗੀ। ਇਸ ਮੌਕੇ ਚੈਸਟਰਮੇਅਰ ਦੀ ਡਿਪਟੀ ਮੇਅਰ ਕਿਰਨ ਰੰਧਾਵਾ, ਕੈਲਗਰੀ ਤੋਂ ਕੌਂਸਲਰ ਰਾਜ ਧਾਲੀਵਾਲ, ਐਮ ਪੀ ਜਸਰਾਜ ਹੱਲਣ, ਅਤੇ ਐਮ ਦੀ ਚੋਣ ਲੜ ਰਹੇ ਅਮਨਪ੍ਰੀਤ ਗਿੱਲ ਤੋਂ ਇਲਾਵਾ ਕੈਲਗਰੀ ਦੀਆਂ ਨਾਮਵਰ ਸ਼ਖਸੀਅਤਾਂ ਹਾਜਿਰ ਸਨ।

## "ਲੱਭ ਜਾਣਗੇ ਲਾਲ ਗੁਆਚੇ" ਇਹਨੀ ਦਿਨੀਂ ਕਨੇਡਾ ਵਿੱਚ ਦਿਖਾਈ ਦਿੱਤੇ



ਦੁਨੀਆਂ ਭਰ ਅੰਦਰ ਵਸਦੇ ਪੰਜਾਬੀ ਸੰਗੀਤ ਪ੍ਰੇਮੀਆਂ ਨੇ ਬਾਂਸਲ ਦੀ ਵੰਝਲੀ ਕਾਲਮ ਰਾਹੀ ਅਤੇ ਮਿੱਟੀ ਨੂੰ ਫਰੋਲ ਜੋਗੀਆ ਕਿਤਾਬ ਰਾਹੀਂ ਬਹੁਤ ਵੱਡਾ ਹੁੰਗਾਰਾ ਦਿੱਤਾ,ਇਹੀ ਕਾਰਣ ਹੈ ਕਿ ਜਦੋਂ ਲਿਖਣ ਵਾਲੀ ਕਲਮ ਨੂੰ ਹੌਸਲਾ ਮਿਲ ਜਾਵੇ ਤਾਂ ਉਹ ਲਗਾਤਾਰ ਲਿਖਦੀ ਰਹਿੰਦੀ ਹੈ। ਮਿੱਟੀ ਨੂੰ ਫਰੋਲ ਜੋਗੀਆਂ ਤੋਂ ਬਾਦ "ਲੱਭ ਜਾਣਗੇ ਲਾਲ ਗੁਆਚੇ" ਮਿਸ਼ਨ ਨੂੰ ਲੈਕੇ ਅਸੋਕ ਬਾਂਸਲ ਮਾਨਸਾ ਦੀ ਕਲਮ ਅਤੇ ਉਸਦਾ ਸਿਰੜ ਲਗਾਤਾਰ ਜਾਰੀ ਰਿਹਾ,ਜਿਸ ਦੇ ਨਤੀਜੇ ਵੱਜੋਂ ਉਹਨਾਂ ਦੀ ਅਗਲੀ ਕਿਤਾਬ ਵੀ ਛਪਕੇ ਆ ਗਈ ਹੈ। ਕੈਨੇਡਾ ਦੇ ਸਰੀ ਵਿਖੇ ਇੱਕ ਸਮਾਗਮ ਦੌਰਾਨ ਅਸ਼ੋਕ ਬਾਂਸਲ ਮਾਨਸਾ ਹੋਰੀਂ ਆਪਣੀ ਕਿਤਾਬ ਦੀਆਂ ਕੁੱਝ ਕਾਪੀਆਂ ਲੈਕੇ ਪੁੱਜੇ ਹੋਏ ਸਨ। ਮੇਲੇ ਦੌਰਾਨ ਗਰਮ ਪਕੌੜਿਆਂ ਵਾਲੀ ਵਿੱਕਰੀ ਵਾਲੀ ਕਹਾਵਤ ਨੂੰ ਮਾਤ ਪਾਉਂਦੀ ਇਹ ਕਿਤਾਬ ਪਾਠਕਾਂ ਦੇ ਹੱਥਾਂ ਵਿੱਚ ਮੇਲੇ ਦਾ ਸ਼ਿੰਗਾਰ ਬਣੀ ਹੋਈ ਸੀ । "ਲੱਭ ਜਾਣਗੇ ਲਾਲ ਗੁਆਚੇ" ਛੇਤੀ ਹੀ ਕੈਲਗਰੀ ਵੀ ਪਹੁੰਚ ਜਾਵੇਗੀ ਸੋ ਕੈਲਗਰੀ ਵਿੱਚ ਜਿਹਨਾਂ ਪੰਜਾਬੀ ਗੀਤਕਾਰੀ ਦੇ ਸ਼ੌਕੀਨਾਂ ਨੂੰ ਉਹਨਾਂ ਦੀ ਨਵੀਂ ਕਿਤਾਬ ਪੜ੍ਹਨ ਦੀ ਚਾਹਤ ਹੈ ਉਹ ਆਪਣੀ ਕਿਤਾਬ ਸਾਡੇ ਕੋਲ ਪਹਿਲਾਂ ਹੀ ਬੁੱਕ ਕਰਵਾ ਦੇਣ ਤਾਂ ਕਿ ਉਹਨਾਂ ਦੀ ਕਾਪੀ ਰਾਖਵੀਂ ਰੱਖੀ ਜਾ ਸਕੇ। ਲੱਭ ਜਾਣਗੇ ਲਾਲ ਗੁਆਚੇ ਦੀ ਕਾਪੀ ਖਰੀਦਣ ਲਈ ਪੰਜਾਬੀ ਅਖ਼ਬਾਰ ਦੇ ਦਫਤਰ ਕੈਲਗਰੀ ਵਿਖੇ ਜਾਂ 403 640 2000 ਉੱਪਰ ਹਰਬੰਸ ਬੁੱਟਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।


ਫੈਡਰਲ ਇਲੈਕਸ਼ਨ / ਸੋਮਵਾਰ, 28 ਅਪ੍ਰੈਲ
#ItsOurVote

**ਕੀ ਤੁਹਾਨੂੰ ਤੁਹਾਡਾ ਵੋਟਰ ਜਾਣਕਾਰੀ ਕਾਰਡ ਮਿਲ ਗਿਆ ਹੈ ?**




**ਇਹ ਤੁਹਾਨੂੰ ਦੱਸਦਾ ਹੈ ਕਿ ਤੁਸੀਂ ਕਿੱਥੇ ਅਤੇ ਕਦੋਂ ਵੋਟ ਪਾ ਸਕਦੇ ਹੋ।**

ਜੇ ਤੁਸੀਂ ਵੋਟ ਪਾਉਣ ਲਈ ਰਜਿਸਟਰ ਹੋਏ ਹੋ, ਤਾਂ ਤੁਹਾਨੂੰ ਡਾਕ ਵਿੱਚ ਇੱਕ ਵੋਟਰ ਜਾਣਕਾਰੀ ਕਾਰਡ ਮਿਲਣਾ ਚਾਹੀਦਾ ਹੈ।

**ਇਲੈਕਸ਼ਨਜ਼ ਕੈਨੇਡਾ ਨਾਲ ਸੰਪਰਕ ਕਰੋ, ਜੇ ਤੁਹਾਡੇ ਵੋਟਰ ਜਾਣਕਾਰੀ ਕਾਰਡ 'ਤੇ:**

- ਦਿੱਤੀ ਜਾਣਕਾਰੀ ਗਲਤ ਹੈ
- 11 ਅਪਰੈਲ ਤੱਕ ਨਹੀਂ ਪਹੁੰਚਿਆ

It's Our Vote
ਵੋਟਿੰਗ ਬਾਰੇ ਲੋੜੀਂਦੀ ਅਧਿਕਾਰਤ ਜਾਣਕਾਰੀ ਵਾਸਤੇ elections.ca 'ਤੇ ਜਾਓ
1-800-463-6868 / elections.ca / TTY 1-800-361-8935
Elections Canada

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ, ਜੱਟ ਸਿੱਖ ਭੱਠਲ ਪਰਿਵਾਰ ਦੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ: ਮਕੈਨੀਕਲ ਇੰਜੀਨੀਅਰਿੰਗ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਦੇ ਲੁਧਿਆਣਾ ਜਿਲੇ ਨਾਲ ਸਬੰਧਿਤ ਲੜਕੇ ਕੋਲ ਆਪਣਾ ਘਰ ਹੈ ਅਤੇ ਕੈਲਗਰੀ ਵਿਖੇ ਕਾਰ ਮਕੈਨਿਕ ਦੀ ਜੌਬ ਕਰ ਰਿਹਾ ਹੈ। ਲੜਕੇ ਦੀ ਸਾਰੀ ਫੈਮਿਲੀ ਯੂ ਐਸ ਏ ਅਤੇ ਕਨੇਡਾ ਵਿੱਚ ਪੱਕੇ ਤੌਰ 'ਤੇ ਸੈੱਟਲ ਹੈ। ਸੰਪਰਕ: 1 825 733 6513 ਜਾਂ 1 778 551 8600 ,email : Simardeepbhathal@gmail.com ***268***

### ਲੜਕੀ ਦੀ ਲੋੜ

ਅੰਬਾਲਾ ਰਹਿੰਦੇ ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ, ਉਮਰ 24 ਕੱਦ 5 ਫੁੱਟ 11 ਇੰਚ, BCA ਡਿਗਰੀ (93%) k-11 ਸਕੂਲ ਫਿਟਨੈਸ ਸਾਇੰਸਸ ਦਿੱਲੀ ਤੋ ਤਜਰਬੇਕਾਰ ਫਿਟਨੈਸ ਟ੍ਰੇਨਰ ਦੀ ਡਿਗਰੀ ਪ੍ਰਾਪਤ, 22 ਏਕੜ ਜਮੀਨ, ਸ਼ਹਿਰੀ ਅਤੇ ਪੇਂਡੂ ਜਾਇਦਾਦ, ਨਸ਼ਾ ਰਹਿਤ ਲਈ ਕੈਨੇਡਾ ਦੀ ਪੀ-ਆਰ ਜਾ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ! ਸੰਪਰਕ-vvsukhivrbhangu75@gmial.com

***270***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਸੈਣੀ ਸਿੱਖ ਪਰਿਵਾਰ ਦੇ ਲੜਕੇ ਉਮਰ 39 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਗਰੇਡ 12 ਅਤੇ ਆਈ ਟੀ ਆਈ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 403 918 0576 ***270***

### ਲੜਕੇ ਦੀ ਲੋੜ

ਕਨੇਡਾ ਦੀ ਜੰਮਪਲ,ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੀ ਅਣਮੈਰਿਡ ਸੋਹਣੀ ਸੁਨੱਖੀ ਲੜਕੀ,ਉਮਰ 42 ਸਾਲ, ਕੱਦ 5 ਫੁੱਟ 3 ਇੰਚ, ਚੰਗੀ ਤਨਖਾਹ ਉੱਪਰ ਸਰਕਾਰੀ ਜੌਬ ਕਰਦੀ ਲਈ,ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜਾ ਜਾਂ ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਿਆਹ ਤੋਂ ਬਾਦ ਲੜਕਾ ਐਡਮਿੰਟਨ ਰਹਿਣ ਲਈ ਤਿਆਰ ਹੋਵੇ। ਤਸਵੀਰਾਂ ਅਤੇ ਬਾਇਓਡਾਟਾ -1 780 982 0336 ਉੱਪਰ ਸਿਰਫ ਵਟਸਐਪ ਭੇਜ ਸਕਦੇ ਹੋ। ਫੋਨ ਕਾਲ ਨਹੀਂ ਕਰਨੀ ਜੀ। ***268***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਮੋਗਾ ਏਰੀਆ ਦੇ ਪਿਛੋਕੜ ਵਾਲੇ ਜੱਟ ਸਿੱਖ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੇ ਉਮਰ 30 ਸਾਲ,ਕੱਦ 5 ਫੁੱਟ 11 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਬਿਜਨਿਸ ਐਡਮਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਚੰਗੀ ਜੌਬ ਕਰਦੀ ਅੰਮ੍ਰਿਤਧਾਰੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਸੰਪਰਕ: 1 587 500 4035 ***270***

### ਲੜਕੇ / ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸੰਘਾ ਪਰਿਵਾਰ ਦੀ ਲੜਕੀ,ਉਮਰ 31 ਸਾਲ,ਕੱਦ 5 ਫੁੱਟ 6 ਇੰਚ, ਬਿਜਨਿਸ ਮੈਨੇਜਮੈਂਟ ਐਡਮਨਿਸਟ੍ਰੇਸ਼ਨ ਡਿਪਲੋਮਾ ਹੋਲਡਰ ਲਈ ਚੰਗੇ ਪੜ੍ਹੇਲਿਖੇ ਲੜਕੇ ਅਤੇ ਇਸੇ ਹੀ ਪਰਿਵਾਰ ਦੇ ਵਿਜਟਿਰ ਵੀਜਾ ਉੱਪਰ ਕਨੇਡਾ ਆਏ ਲੜਕੇ ਉਮਰ 29 ਸਾਲ,ਕੱਦ 5 ਫੁੱਟ 9 ਇੰਚ,ਮਕੈਨੀਕਲ ਇੰਜੀਨੀਅਰਰਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 435 8721 ਜਾਂ 1 587 336 8069 ***270***

### ਲੜਕੇ ਦੀ ਲੋੜ

Jatt-Sikh Family is well established in Saskatoon, Canada. Looking for family-oriented Canadian born, Prefer Professional, well-educated match for their daughter born in 1991, 5"7 vegetarian born Braised in Canada. The daughter is family-oriented, has an education in Pharmacy, and owns her own business and house. Divorced, no kids, wants children. Now living with parents. Preference Alberta or Saskatchewan area. Serious inquiries only. No marriage Bureau calls. Send Bio E Mail: bpandher2007@yahoo.ca ***270***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਢਿੱਲੋਂ ਪਰਿਵਾਰ ਦੇ ਗੁਰਸਿੱਖ ਲੜਕੇ ,ਉਮਰ 29 ਸਾਲ, ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ: ਆਟੋਮੋਬਾਈਲ ਇੰਜੀਨੀਅਰਿੰਗ ਵਿੱਚ ਬੈਚਲਰ ਦੀ ਡਿਗਰੀ ਅਤੇ ਪ੍ਰੋਜੈਕਟ ਮੈਨੇਜਮੈਂਟ ਵਿੱਚ ਪੀਜੀਡੀਪੀ,ਲਈ , ਪੜ੍ਹੀ-ਲਿਖੀ ਪਰਿਵਾਰਕ ਕਦਰਾਂ-ਕੀਮਤਾਂ ਵਾਲੀ ਲੜਕੀ ਜਿਸ ਦਾ ਕੱਦ 5 ਫੁੱਟ 5 ਇੰਚ ਦੇ ਕਰੀਬ ਅਤੇ ਕਨੇਡੀਅਨ ਪੀ ਆਰ ਹੋਵੇ, ਦੇ ਰਿਸ਼ਤੇ ਦੀ ਲੋੜ ਹੈ। ਕਿਰਪਾ ਕਰਕੇ ਸਿਰਫ਼ ਸੀਰੀਅਸ ਪੁੱਛਗਿੱਛ ਲਈ ਹੀ ਸੰਪਰਕ ਕਰੋ: 587 296 5710 ਜਾਂ 403 926 2362 ***270***

### ਲੜਕੇ ਦੀ ਲੋੜ

ਕੈਨੇਡੀਅਨ ਸਿਟੀਜਨ, ਜੱਟ ਸਿੱਖ ਗਿੱਲ ਪਰਿਵਾਰ ਦੀ ਲੁਧਿਆਣਾ ਦੀ ਜੰਮਪਲ,ਲੜਕੀ ਉਮਰ 27 ਸਾਲ ਕੱਦ 5 ਫੁੱਟ 6 ਇੰਚ, LPN ਦੀ ਵਿਦਿਅਕ ਯੋਗਤਾ ਵਾਲੀ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸਿਰਫ਼ ਜੱਟ ਸਿੱਖ,ਚੰਗੀ ਜੌਬ ਜਾਂ ਬਿਜਨਿਸ ਵਾਲੇ ਹੀ ਸੰਪਰਕ ਕਰਨ ।ਮਾਲਵਾ ਏਰੀਆ ਜਾਂ ਅਲਬਰਟਾ, ਬ੍ਰਿਟਿਸ ਕੋਲੰਬੀਆ ਨੂੰ ਪਹਿਲ । ਸੰਪਰਕ:1587 938 2611 ਜਾਂ ਈ ਮੇਲ: hs424948@gmail.com ***266***

### ਲੜਕੀ ਦੀ ਲੋੜ

Seeking suitable match for 1994 born, 6 Ft. Tall Canadian Citizen, Saini Sikh, working as Pilot in Canadian airline. Entire family settled in Calgary, Canada. Looking for well educated, cultured, family-oriented bride from doctor background. If Interested send bio data@ +1 403-969-1476 Serious inquiries only (Marriage Bureau Excuse) **269***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਵੈਜੀਟੇਰੀਅਨ ਲੜਕੇ ਜਨਮ 1989,ਕੱਦ 5 ਫੁੱਟ 10 ਇੰਚ,ਵਿੱਦਿਅਕ ਯੋਗਤਾ +2 ਲਈ ਹਾਣ ਪ੍ਰਵਾਣ ਦੀ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1 780 318 4367 ਜਾਂ 1 780 803 4234 ***269***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ,ਧਾਲੀਵਾਲ ਪਰਿਵਾਰ ਦੇ ਲੜਕੇ ਜਨਮ 1993,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਐਮ ਏ, ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਆਪਣਾ ਘਰਾਂ ਦੀ (ਐਕਸਟੀਰੀਅਰ) ਸਟੱਕੋ-ਸਾਈਡਿੰਗ ਦਾ ਕਾਰੋਬਾਰ ਹੈ। ਸੰਪਰਕ: 1 587 433 7278,1 587 439 1155 ਜਾਂ 587 830 3607***264 ***RP***

### ਲੜਕੀ ਦੀ ਲੋੜ

ਜੱਟ ਸਿੱਖ ਸਰਦਾਰ ਲੜਕਾ ਉਮਰ 28 ਸਾਲ ਫ਼ਾਰਮਿੰਗ ਵਰਕ ਪਰਮਿਟ ਤੇ ਕਨੇਡਾ ਰਹਿੰਦੇ ਲੜਕੇ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਲੜਕੀ ਦੀ ਜ਼ਰੂਰਤ ਹੈ । ਲੜਕੇ ਦੀਆਂ ਦੋ ਸਕੀਆਂ ਭੈਣਾਂ ਕਨੇਡਾ ਪੀ ਆਰ ਹਨ । ਮਾਲਵੇ ਨੂੰ ਪਹਿਲ ਸੰਪਰਕ ਨੰਬਰ : 1 604 360 9500 ***269***RG***RP

### ਲੜਕੇ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਬਰਾੜ ਲੜਕੀ, ਉਮਰ 30 ਸਾਲ, ਕੱਦ 5 ਫੁੱਟ 6 ਇੰਚ, ਆਈ ਟੀ ਆਈ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਨਸ਼ਾ ਰਹਿਤ, ਲੜਕੇ ਦੇ ਰਿਸਤੇ ਦੀ ਲੋੜ ਹੈ। ਕੈਲਗਰੀ, ਐਡਮਿੰਟਨ ਰਹਿੰਦੇ ਮਾਲਵਾ ਇਲਾਕੇ ਨਾਲ ਸਬੰਦਿਤ ਰਿਸ਼ਤੇ ਨੂੰ ਪਹਿਲ । ਸੰਪਰਕ: 1 780 772 4400 ***269***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 33 ਸਾਲ ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ ਬੀ ਏ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਆਪਣਾ ਘਰ ਹੈ । ਸੰਪਰਕ: 403 479 5585 ਜਾਂ 403 991 5841, ਈ ਮੇਲ: ramanpreetbrar000@gmail.com ***269***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਪਰਜਾਪਤ,ਤਲਾਕਸੁਦਾ,ਉਮਰ 40 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: ਬੀਟੈੱਕ, ਕਨੇਡਾ ਦੀ ਐਮਾਜੋਨ ਕੰਪਨੀ ਵਿੱਚ ਅਸਿੱਸਟੈਂਟ ਮੈਨੇਜਰ ਦੀ ਜੌਬ ਕਰਦੇ ਲੜਕੇ ਲਈ ਬਰਾਬਰ ਯੋਗਤਾ ਰੱਖਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡੀਅਨ ਪੀ ਆਰ ਹੈ। ਸੰਪਰਕ: 1 587 832 1260 ਜਾਂ 1 780 915 3429 ***269***

### ਲੜਕੀ ਦੀ ਲੋੜ

Calgary based Ravidasia family seeks a suitable match for their son, 1995 born, Canadian citizen, 5'-8", Engineer by profession. Seeking a family oriented & highly qualified match. Please contact with a recent photo to: LCKALER@GMAIL.COM Serious inquiries only. Caste no Bar. Preference given to Alberta and Doaba.***269***

### ਲੜਕੇ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਈ ਰਾਮਗੜ੍ਹੀਆ ਪਰਿਵਾਰ ਦੀ ਅਣਮੈਰਿਡ ਲੜਕੀ ਉਮਰ 38 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ : ਪੋਸਟ ਗ੍ਰੈਜੂਏਟ ਪ੍ਰੋਫੇਸ਼ਨਲ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਕਰੋ : 403 680 1126 ***268***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਪਰਿਵਾਰ ਦੀ ਲੜਕੀ ਜਨਮ ਦਸੰਬਰ 1991,ਪੋਸਟ ਗਰੈਜੂਏਟ (ਇੰਡੀਆ)ਐਜੂਕੇਸ਼ਨਲ ਅਸਿਸਟੈਂਟ (ਕਨੇਡਾ) ਲਈ ਕਨੇਡੀਅਨ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਬਠਿੰਡਾ ਮੁਕਤਸਰ ਇਲਾਕੇ ਨੂੰ ਪਹਿਲ। ਆਪਣਾ ਬਾਇਓਡਾਟਾ 1 639 916 1637 ਉੱਪਰ ਭੇਜੋ ***268***

### ਲੜਕੇ ਦੀ ਲੋੜ

Sikh family seeking a suitable match for their beautiful and tall Canadian-citizen daughter, 31 years old, height 5'103 . She is family oriented & well-educated, holds associate degree in Healthcare Information Management and working as Project Manager in healthcare industry. We are looking for someone who is tall, handsome & Canadian citizen that lives in Calgary or surrounding areas, is well-educated with a professional career, if interested, please contact 587-707-3440 (Serious inquiries only) ***266***

### ਲੜਕੀ ਦੀ ਲੋੜ

Canadian Citizen, Jat Sikh family handsome boy born 1990, height 5 feet 11 inches, well educated in Canada and doing business Canada, looking girl with family values is required. 403 437 1117, 825 735 2251***268***

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਉਮਰ 31 ਕੱਦ 5 ਫੁੱਟ 8 ਇੰਚ, ਇਲੈਕਟ੍ਰਾਨਿਕਸ ਇੰਜਨੀਅਰਿੰਗ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਅਲਬਰਟਾ ਸੂਬੇ ਵਿੱਚ ਰਹਿੰਦਾ ਹੈ।ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ - 587 578 6700 ਜਾਂ 587 378 6700 ***266***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਸਿੱਖ ਕਸ਼ਪ ਰਾਜਪੂਤ, 34 ਸਾਲ, 5 ਫੁੱਟ 2 ਇੰਚ, ਤਲਾਕਸ਼ੁਦਾ(ਨੋ ਕਿਡ), ਬੀ ਫਾਰਮੇਸੀ (ਇੰਡੀਆ), ਪੋਸਟ ਗ੍ਰੈਜੂਏਟ ਡਿਪਲੋਮਾ ਹੋਲਡਰ (ਕਨੇਡਾ) ਲਈ ਕੈਲਗਰੀ ਜਾਂ ਨੇੜੇ ਰਹਿੰਦੇ ਹਾਣ ਪ੍ਰਵਾਣ, ਨਸ਼ਾ ਰਹਿਤ, ਨਾਨ ਸਮੋਕਰ ਲੜਕੇ ਦੀ ਰਿਸ਼ਤੇ ਲਈ ਲੋੜ ਹੈ। (ਨੋ ਕਾਸਟ ਬਾਰ) ਸਾਰਾ ਪ੍ਰੀਵਾਰ ਕਨੇਡਾ ਵਿੱਚ ਹੈ। ਬਾਇ- ਡਾਟਾ ਸਮੇਤ ਤਾਜ਼ਾ ਫੋਟੋ ਵਟਸਐਪ ਨੰਬਰ +919417121464 ਤੇ ਭੇਜੋ। ***266***

### ਲੜਕੇ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉੱਪਰ ਜੱਟ ਸਿੱਖ ਸੇਖੋਂ ਪਰਿਵਾਰ ਦੀ ਤਲਾਕਸੁਦਾ (ਬਿਨਾ ਬੱਚੇ) ਲੜਕੀ,ਉਮਰ 35 ਸਾਲ,ਕੱਦ 5 ਫੁੱਟ 3 ਇੰਚ,ਮਾਸਟਰ ਡਿਗਰੀ (ਇੰਡੀਆ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 780 725 2697 ***266***

### ਲੜਕੇ ਦੀ ਲੋੜ

Sikh family seeking a suitable match for their Canadian-born daughter, 36 years old, height 5'43 , born and raised in Calgary, Alberta. She is well-educated, holds a master's degree, and currently works in the education field. We are looking for someone who is Canadian born that lives in Calgary or surrounding areas, is well-educated with a professional career, and is open to previously divorced individuals. If interested, please contact 403-680-4793 ***265**

### ਲੜਕੀ ਦੀ ਲੋੜ

ਕੈਨੇਡਾ ਓਪਨ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਹੇਹਰ ਪਰਿਵਾਰ ਦੇ ਲੜਕੇ ਉਮਰ 36 ਸਾਲ ਕੱਦ 5 ਫੁੱਟ 9 ਇੰਚ ਵਿਦਿਅਕ ਯੋਗਤਾ ਹਾਈ ਸਕੂਲ ,ਕਾਰ ਆਟੋ ਬਾਡੀ ਜਰਨੀਮੈਨ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 780 243 5814

***265***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਹਾਂਸ ਪਰਿਵਾਰ ਦੇ ਲੜਕੇ,ਉਮਰ 26 ਸਾਲ,ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ: ਮਕੈਨੀਕਲ ਟੈਕਨੀਸ਼ੀਅਨ ਡਿਪਲੋਮਾ ਹੋਲਡਰ ਲਈ ਪੜੀ ਲਿਖੀ,ਲੰਮੇ ਕੱਦ ਵਾਲੀ,ਪਰਿਵਾਰਕ ਕਦਰਾਂ ਕੀਮਤਾਂ ਨੂੰ ਸਮਝਣ ਵਾਲੀ, ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 437 233 5450 ਜਾਂ ਵਟਸਐਪ: 95011 86208 ***264***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436

******

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada.

Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਸੰਪਰਕ (ਵਟਸਐਪ): 9583592000


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000



ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ




ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615



**ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ**

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @ +1 403 680 0436 or email at bhinderexteriors13@gmail.com.


## ਪਹਿਲੇ ਇੱਕ ਰੋਜ਼ਾ ਪੁਸਤਕ ਮੇਲੇ 'ਤੇ ਕੈਲਗਰੀ ਦੇ ਪਾਠਕਾਂ ਨੇ ਦਿਖਾਇਆ ਉਤਸ਼ਾਹ!




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 6 ਅਪਰੈਲ ਦਿਨ ਐਤਵਾਰ ਨੂੰ ਮਾਸਟਰ ਭਜਨ ਸਿੰਘ ਤੇ ਸਾਥੀਆਂ ਵੱਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਪਹਿਲਾ ਇੱਕ ਰੋਜ਼ਾ ਪੁਸਤਕ ਮੇਲਾ ਡਾ: ਭੁੱਲਰ ਵਾਲ਼ੇ ਗਰੀਨ ਪਲਾਜ਼ਾ ਵਿੱਚ ਲਗਾਇਆ ਗਿਆ। ਪੁਸਤਕ ਮੇਲੇ ਦਾ ਉਦਘਾਟਨ ਮਾਸਟਰ ਹਰਕੀਰਤ ਧਾ਼ਲੀਵਾ਼ਲ ਵੱਲੋਂ ਕੀਤਾ ਗਿਆ।ਜਿਹੜੇ ਲੇਖਕ ਹੋਣ ਦੇ ਨਾ਼ਲ-ਨਾ਼ਲ ਆਪ ਵੀ ਬਹੁਤ ਕਿਤਾਬਾਂ ਬੜੇ ਸ਼ੌਕ ਨਾ਼ਲ ਪੜ੍ਹਦੇ ਹਨ।ਉਨ੍ਹਾਂ ਇਸ ਗੱਲ 'ਤੇ ਅਫਸੋਸ ਵੀ ਕੀਤਾ ਕਿ ਪੰਜਾਬੀਆਂ ਦੇ ਘਰਾਂ 'ਚ ਸ਼ਰਾਬ ਦੀਆਂ ਬਾਰਾਂ ਤਾਂ ਆਮ ਮਿਲ ਜਾਣਗੀਆਂ, ਪਰ ਕਿਤਾਬਾਂ ਦੀ ਲਾਇਬ੍ਰੇਰੀ ਕਿਸੇ ਵਿਰਲੇ ਘਰ ਹੀ ਹੋਵੇਗੀ।ਉਨ੍ਹਾਂ ਕਿਹਾ ਕਿ ਕਿਤਾਬਾਂ ਸਾਡਾ ਮਾਨਸਿਕ ਵਿਕਾਸ ਕਰਦੀਆਂ ਹਨ ਅਤੇ ਸਾਨੂੰ ਸੋਚਣ ਲਾਉਂਦੀਆਂ ਹਨ। ਇਸ ਮੌਕੇ 'ਤੇ ਦੋ ਕਿਤਾਬਾਂ, ਗਦਰੀ ਬਾਬਾ ਭਾਨ ਸਿੰਘ ਸੁਨੇਤ ਦੇ ਇਨਕਲਾਬੀ ਜੀਵਨ ਬਾਰੇ 'ਦਾਸਤਨ-ਏ... ਗਦਰੀ ਸ਼ਹੀਦ ਬਾਬਾ ਭਾਨ ਸਿੰਘ ਸੁਨੇਤ' ਅਤੇ ਦੂਸਰੀ ਕਿਤਾਬ 'ਅਜਮੇਰ ਸਿੰਘ ਦੀ ਪੁਸਤਕ: ਖਾੜਕੂ ਲਹਿਰਾਂ ਦੇ ਅੰਗ-ਸੰਗ ਦਾ ਕੱਚ-ਸੱਚ' ਸੀ, ਜਿਸਨੂੰ ਉੱਘੇ ਪੰਜਾਬੀ ਲੇਖਕ ਅਤਰਜੀਤ ਕਹਾਣੀਕਾਰ ਵੱਲੋਂ ਲਿਖਿਆ ਗਿਆ ਹੈ ।ਜਿਸ ਵਿੱਚ ਅਜਮੇਰ ਸਿੰਘ ਵੱਲੋਂ ਫੈਲਾਏ ਜਾ ਰਹੇ ਝੂਠ ਨੂੰ ਨੰਗਾ ਕਰਦੀ ਹੈ, ਰਿਲੀਜ਼ ਕੀਤੀਆਂ ਗਈਆਂ। ਇਸ ਪੁਸਤਕ ਬਾਰੇ ਹਰਚਰਨ ਪਰਹਾਰ ਵੱਲੋਂ ਪਾਠਕਾਂ ਨਾ਼ਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪੁਸਤਕ ਬਾਰੇ ਜਾਣਕਾਰੀ ਦਿੱਤੀ।ਬਹੁਤ ਸਾਰੇ ਪਾਠਕਾਂ ਨੇ ਮੇਲੇ ਦੌਰਾਨ ਇਹ ਪੁਸਤਕ ਮੌਕੇ ਉੱਪਰ ਹੀ ਖਰੀਦੀ। ਇਸ ਇੱਕ ਰੋਜ਼ਾ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਬੜੇ ਉਤਸ਼ਾਹ ਨਾਲ ਕਿਤਾਬਾਂ ਖਰੀਦੀਆਂ। ਇਸ ਮੌਕੇ 'ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਵੱਲੋਂ ਪੁਸਤਕ ਮੇਲੇ ਵਿੱਚ ਸ਼ਾਮਿਲ ਹੋ ਕੇ ਕਿਤਾਬਾਂ ਖਰੀਦਣ ਲਈ ਧੰਨਵਾਦ ਕੀਤਾ। ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ?

## ਲਿਬਰਲਾਂ ਨੇ ਰੋਡ ਲੋਯੋਲਾ ਨੂੰ ਐਡਮਿੰਟਨ ਦੇ ਉਮੀਦਵਾਰ ਵੱਜੋਂ ਹਟਾ ਦਿੱਤਾ

### ਕੰਨ ਵੀ ਪੜਵਾ ਲਏ ਤੇ ਰੰਨ ਵੀ ਗਈ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਜਿਸ ਦਿਨ ਦਾ ਕਨੇਡਾ ਵਿੱਚ ਬੇ ਵਕਤੀਆਂ ਚੋਣਾਂ ਦਾ ਐਲਾਨ ਹੋਇਆ ਤਾਂ ਉਸੇ ਦਿਨ ਤੋਂ ਹੀ ਦੋ ਪ੍ਰਮੁੱਖ ਰਾਜਨੀਤਕ ਪਾਰਟੀਆਂ ਨੇ ਆਪੋ ਆਪਣੇ ਉਮੀਂਦਵਾਰਾਂ ਦੀਆਂ ਲਿਸਟਾਂ ਧੜਾਧੜ ਐਲਾਨ ਕਰਨੀਆਂ ਸੂਰੂ ਕਰ ਦਿੱਤੀਆਂ ਪਰ ਨਾਲ ਦੀ ਨਾਲ ਹੀ ਪਾਰਟੀਆਂ ਦੀਆਂ ਟਿਕਟਾਂ ਦੀ ਵੰਡ ਨੂੰ ਲੈਕੇ ਬੇਨਿਯਮੀਆਂ ਦਾ ਰੌਲਾ ਵੀ ਉਸੇ ਵਕਤ ਹੀ ਸ਼ੁਰੂ ਹੋ ਗਿਆ। ਦੋਵੇਂ ਪਾਰਟੀਆਂ ਮੌਜੂਦਾ ਸੱਤਾਧਰੀ ਲਿਬਰਲ ਅਤੇ ਮੁੱਖ ਵਿਰੋਧੀ ਪਾਰਟੀ ਕੰਜ਼ਰਵੇਟਿਵ ਨੇ ਕਾਹਲੀ ਵਿੱਚ ਐਲਾਨੇ ਉਮੀਂਦਵਾਰਾਂ ਵਿੱਚੋਂ ਕੁੱਝ ਨੂੰ ਉਮੀਂਦਵਾਰੀ ਤੋਂ ਲਾਂਭੇ ਕਰ ਦਿੱਤਾ ਕਿ ਉਹਨਾਂ ਦੀ ਪ੍ਰੋਫਾਈਲ ਸਾਫ ਸੁਥਰੀ ਨਹੀਂ ਹੈ। ਉਮੀਦਵਾਰਾ ਦੀ ਛਾਂਟ ਛਟਾਈ ਵਾਲੀ ਮੁਹਿੰਮ ਬੀਤੇ ਦਿਨੀ ਅਲਬਰਟਾ ਦੇ ਸੂਬੇ ਐਡਮਿੰਟਨ ਵਿੱਚ ਵੀ ਲਿਬਰਲਾਂ ਦੇ ਵਿਹੜੇ ਬੋਲ ਪਈ। ਅਖੇ ਐਡਮਿੰਟਨ ਗੇਟਵੇਅ ਤੋਂ ਸਾਡੇ ਉਮੀਂਦਵਾਰ ਰੌਡ ਲੋਯੋਲਾ ਦਾ ਪਿਛਲਾ ਰਿਕਾਰਡ ਸਾਫ ਸੁਥਰਾ ਨਹੀਂ ਹੈ ਇਸ ਲਈ ਅਸੀਂ ਉਸ ਨੂੰ ਆਪਣੇ ਉਮੀਂਦਵਾਰ ਵੱਜੋਂ ਹਟਾ ਦਿੱਤਾ ਹੈ। ਤੁਹਾਨੂੰ ਦੱਸ ਦੇਈਏ ਕਿ ਲੰਬੇ ਸਮੇਂ ਤੋਂ ਅਲਬਰਟਾ ਐਨ ਡੀ ਪੀ ਵਿਧਾਇਕ ਰਹੇ ਰੌਡ ਲੋਯੋਲਾ ਨੇ ਨੌਂ ਦਿਨ ਪਹਿਲਾਂ ਨਵੇਂ ਬਣੇ ਐਡਮਿੰਟਨ ਗੇਟਵੇ ਰਾਈਡਿੰਗ ਵਿੱਚ ਆਪਣੀ ਮੁਹਿੰਮ ਦਾ ਰਸਮੀ ਐਲਾਨ ਕੀਤਾ ਸੀ ਅਤੇ ਸ਼ਨੀਵਾਰ ਨੂੰ ਆਪਣੀ ਰਸਮੀ ਲਾਂਚ ਪਾਰਟੀ ਦਾ ਆਯੋਜਨ ਕੀਤਾ ਸੀ। । ਪਰ ਲਿਬਰਲ ਨੇਤਾ ਮਾਰਕ ਕਾਰਨੀ ਨੇ ਪੁਸ਼ਟੀ ਕੀਤੀ ਕਿ ਲੋਯੋਲਾ ਹੁਣ ਐਡਮਿੰਟਨ ਗੇਟਵੇ ਲਈ ਉਹਨਾਂ ਦੀ ਪਾਰਟੀ ਦੇ ਉਮੀਦਵਾਰ ਨਹੀਂ ਹਨ। ਉਹਨਾਂ ਦੀ ਉਮੀਂਦਵਾਰੀ ਕੈਂਸਲ ਕੀਤੇ ਜਾਣ ਦੇ ਕਾਰਣ ਇਹ ਦੱਸੇ ਜਾਂਦੇ ਹਨ ਕਿ ਅੱਜ ਤੋਂ ਬਹੁਤ ਸਾਲ ਪਹਿਲਾਂ ਸਾਲ 2009 ਦਾ ਇੱਕ ਵੀਡੀ- ਮਿਲਿਆ ਹੈ ਜਿਸ ਵਿੱਚ ਉਹ ਨਾਟੋ ਵਿਰੋਧੀ ਵਿਰੋਧ ਪ੍ਰਦਰਸ਼ਨ ਵਿੱਚ ਹਿਜ਼ਬੁੱਲਾ ਅਤੇ ਹਮਾਸ ਦੀ ਪ੍ਰਸ਼ੰਸਾ ਕਰਦੇ ਦਿਖਾਈ ਦੇ ਰਹੇ ਹਨ। ਪਰ ਇਹਨੀ ਦਿਨੀ ਇਹਨਾਂ ਦੋਵਾਂ ਜਥੇਬੰਦੀਆਂ ਨੂੰ ਕੈਨੇਡਾ ਵਿੱਚ ਅੱਤਵਾਦੀ ਸਮੂਹਾਂ ਵੱਜੋਂ ਸੂਚੀਬੱਧ ਕੀਤਾ ਗਿਆ ਹੈ। ਅਲਬਰਟਾ ਦੀ ਮੁੱਖ ਵਿਰੋਧੀ ਪਾਰਟੀ ਐਨ ਡੀ ਪੀ ਵਿੱਚ ਰੌਡ ਲੋਯੋਲਾ ਦੀ ਚੰਗੀ ਪੈਂਠ ਬਣੀ ਹੋਈ ਸੀ ਪਰ ਐਮ ਐਲ ਤੋਂ ਐਮ ਪੀ ਬਣਨ ਦੇ ਚੱਕਰਾਂ ਵਿੱਚ ਆਪਣੀ ਪਹਿਲਾ ਰੁਤਬਾ ਵੀ ਗੁਆ ਬੈਠੇ। ਲੋਯੋਲਾ ਨੇ ਹਾਲ ਹੀ ਵਿੱਚ ਲਿਬਰਲਾਂ ਲਈ ਐਡਮਿੰਟਨ ਗੇਟਵੇ ਵਿੱਚ ਚੋਣ ਲੜਨ ਲਈ ਅਲਬਰਟਾ ਵਿਧਾਨ ਸਭਾ ਵਿੱਚ ਆਪਣੀ ਸੀਟ ਤੋਂ ਅਸਤੀਫਾ ਦੇ ਦਿੱਤਾ ਸੀ। ਉਹ ਪਹਿਲੀ ਵਾਰ 2015 ਵਿੱਚ ਚੁਣੇ ਗਏ ਸਨ, ਅਤੇ ਦੋ ਸਾਲ ਪਹਿਲਾਂ ਐਡਮੰਟਨ-ਐਲਰਸਲੀ ਦੇ ਸੂਬਾਈ ਰਾਈਡਿੰਗ ਦੀ ਨੁਮਾਇੰਦਗੀ ਕਰਦੇ ਹੋਏ ਆਪਣਾ ਤੀਜਾ ਕਾਰਜਕਾਲ ਜਿੱਤਿਆ ਸੀ। ਲੋਯੋਲਾ ਦਾ ਅਲਬਰਟਾ ਵਿਧਾਨ ਸਭਾ ਤੋਂ ਅਸਤੀਫਾ ਮਾਰਚ ਦੇ ਅਖੀਰ ਵਿੱਚ ਲਾਗੂ ਹੋਇਆ ਸੀ। ਰੌਡ ਲੋਯੋਲਾ ਬਾਰੇ ਹੁਣ ਤਾਂ ਇਹੀ ਜਿਹਾ ਜਾ ਸਕਦਾ ਹੈ ਕਿ ਕੰਨ ਵੀ ਪੜਵਾ ਲਏ ਤੇ ਰੰਨ ਵੀ ਗਈ ਜਾਂ ਫਿਰ ਹੁਣ ਕੱਲਾ ਬਹਿਕੇ ਲਿਬਰਲਾਂ ਨੂੰ ਇਹੀ ਕਹਿੰਦਾ ਹੋਵੇਗਾ ਕਿ "ਕੀ ਖੱਟਿਆ ਮੈਂ ਤੇਰੀ ਹੀਰ ਬਣਕੇ " - ਪਰ ਕਹਿੰਦੇ ਹੁਣ ਲੋਯੋਲਾ ਨੇ ਆਜਾਦ ਉਮੀਂਦਵਾਰ ਵੱਜੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ।





# ਪਿੱਪਲਾ ਵੇ ਸੱਜਣਾਂ ਦੇ ਪਿੰਡ ਦਿਆ

*ਕਿਉਂ ਬਈ ਨਿਹਾਲਿਆ, ਆਜ਼ਾਦੀ ਨਹੀਂ ਵੇਖੀ*

ਬੇਸ਼ੱਕ ਗੁਰਦਾਸ ਰਾਮ ਆਲਮ ਦੇ ਗੀਤ ਆਮ ਲੋਕਾਂ ਤੱਕ ਨਹੀਂ ਪੁੱਜੇ, ਪਰ ਕਿਸਾਨਾਂ ਦੇ ਧਰਨਿਆਂ, ਮਜ਼ਦੂਰਾਂ ਦੀਆਂ ਰੈਲੀਆਂ, ਕਾਮਰੇਡਾਂ ਦੇ ਜਲਸਿਆਂ ਵਿੱਚ ਉਨ੍ਹਾਂ ਦੇ ਗੀਤ ਗਾਏ ਜਾਂਦੇ ਰਹੇ ਅਤੇ ਅੱਜ ਵੀ ਗਾਏ ਜਾਂਦੇ ਹਨ। ਇਨ੍ਹਾਂ ਗੀਤਾਂ ਵਿੱਚੋਂ ਉਹਨਾਂ ਦਾ ਗੀਤ 'ਆਜ਼ਾਦੀ' ਤਾਂ ਬਹੁਤ ਹੀ ਚਰਚਾ ਵਿੱਚ ਰਿਹਾ ਹੈ:

*ਕਿਉਂ ਬਈ ਨਿਹਾਲਿਆ, ਆਜ਼ਾਦੀ ਨਹੀਂ ਵੇਖੀ*
*ਨਾ ਬਈ ਭਰਾਵਾ, ਨਾ ਖਾਧੀ ਨਾ ਵੇਖੀ*
*ਦਿੱਲੀ 'ਚ ਆਉਂਦੀ ਏ ਸਰਦੀ ਦੀ ਰੁੱਤੇ*
*ਤੇ ਹਾੜ੍ਹਾਂ ਨੂੰ ਰਹਿੰਦੀ ਪਹਾੜਾਂ ਦੇ ਉੱਤੇ*
*ਗਰੀਬਾਂ ਨਾਲ ਲੱਗਦੈ ਲੜੀ ਹੋਈ ਐ ਖਬਰੇ.. ..*
*ਅਮੀਰਾਂ ਦੇ ਹੱਥੀਂ ਚੜ੍ਹੀ ਹੋਈ ਐ ਖਬਰੇ.. ..*
*ਅਖ਼ਬਾਰਾਂ 'ਚ ਪੜ੍ਹਿਆ ਜਰਵਾਣੀ ਜਹੀ ਏ*
*ਕੋਈ ਸੋਹਣੀ ਤਾਂ ਨਹੀਂ, ਐਵੇਂ ਕਾਣੀ ਜਿਹੀ ਏ*
*ਮੰਨੇ ਜੇ ਕਹਿਣਾ, ਅਸੀਂ ਵੀ ਮੰਗਾਈਏ*
*ਛੰਨਾਂ 'ਤੇ ਢਾਰਿਆਂ 'ਚ ਭੁੰਜੇ ਸੁਆਈਏ*
*ਪਰ ਏਨਾਂ ਪਤਾ ਨਹੀਂ ਕੀ ਖਾਂਦੀ ਹੁੰਦੀ ਏ*
*ਕਿਹੜੀ ਚੀਜ਼ ਤੋਂ ਦਿਲ ਚੁਰਾਂਦੀ ਹੁੰਦੀ ਏ*
*ਸ਼ਿਮਲੇ 'ਚ ਉਸ ਅੱਗੇ ਆਂਡੇ ਹੁੰਦੇ ਨੇ*
*ਬਈ ਸਾਡੀ ਤਾਂ ਖੁਰਲੀ 'ਚ ਟਾਂਡੇ ਹੁੰਦੇ ਨੇ*
*ਕਿਉਂ ਬਈ ਨਿਹਾਲਿਆ, ਆਜ਼ਾਦੀ ਨਹੀਂ ਵੇਖੀ*


ਗੁਰਦਾਸ ਰਾਮ ਆਲਮ

ਗੁਰਦਾਸ ਰਾਮ ਆਲਮ ਜੀ ਦੀਆਂ ਜਿੰਨੀਆਂ ਵੀ ਲਿਖਤਾਂ ਮਿਲੀਆਂ, ਮੈਂ ਉਹਨਾਂ ਦੀ ਚੰਗੀ ਤਰ੍ਹਾਂ ਘੋਖ ਕਰਕੇ ਪੜ੍ਹਨ ਦਾ ਯਤਨ ਕੀਤਾ ਹੈ। ਇਹਨਾਂ ਲਿਖਤਾਂ ਵਿੱਚੋਂ ਬਹੁਤ ਸਾਰੀਆਂ ਰਿਕਾਰਡ ਹੋਣ ਦੇ ਸੰਪੂਰਨ ਯੋਗ ਹਨ। ਭਾਵੇਂ ਕਿ ਇਹ ਰਚਨਾਵਾਂ ਵਪਾਰਕ ਹਿੱਤ ਤਾਂ ਨਹੀਂ ਪੂਰ ਸਕਦੀਆਂ ਪਰ ਆਪਣੇ ਸਾਹਿਤਕ ਗੁਣਾਂ ਕਰਕੇ ਪੰਜਾਬੀ ਦੇ ਕਿਸੇ ਨਾਮੀ ਕਵੀ ਜਾਂ ਗੀਤਕਾਰ ਦੀਆਂ ਰਚਨਾਵਾਂ ਤੋਂ ਕਿਸੇ ਪੱਖੋਂ ਵੀ ਊਣੀਆਂ ਨਹੀਂ। ਉਨ੍ਹਾਂ ਦੇ ਗੀਤਾਂ ਵਿਚਲੇ ਕੁੱਝ ਹੋਰ ਰੰਗ ਦੇਖੋ:

*ਗਲ਼ੀ 'ਚੋਂ ਅੱਜ ਕੌਣ ਲੰਘਿਆ,*
*ਮੇਰੇ ਛਿੜੀਆਂ ਪਿੰਡੇ 'ਤੇ ਝਰਨਾਟਾਂ*
*ਨਿੱਕੀ ਜਿਹੀ ਉਲਾਂਘ ਪੁੱਟ ਕੇ,*
*ਕੋਈ ਆਇਆ ਲੰਮੀਆਂ ਮੁਕਾ ਕੇ ਵਾਟਾਂ*
*ਆਰਤੀ ਉਚਾਟ ਕਰਦੀ,*
*ਕੰਨ ਖਾਂਦੀਆਂ ਮੁੱਲਾਂ ਦੀਆਂ ਬਾਂਗਾਂ*
*ਜੁੱਗਾਂ ਦੀ ਜੁਦਾਈ ਮੁਕ ਗਈ,*
*ਨਾਲੇ ਮੁੱਕੀਆਂ ਉਡੀਕਾਂ-ਤਾਂਘਾਂ*
*ਸੁਆਦ-ਸੁਆਦ ਹੋਗੀ ਜ਼ਿੰਦਗੀ,*
*ਜੀਹਦੀ ਮਹਿਕ ਨੇ ਪੂਰੀਆਂ ਘਾਟਾਂ..*
*ਸਵਰਗਾਂ ਦਾ ਚਾਅ ਲਹਿ ਗਿਆ,*
*ਮੈਨੂੰ ਇਹੀਓ ਜੱਗ ਸੋਹਣਾ ਜਾਪੇ*
*ਕਿਸੇ ਦੀ ਨਾ ਰਹੀ ਮੁਸੰਦਗੀ,*
*ਜਾਪ ਆਪਣਾ ਕਰਾਂਗੇ ਹੁਣ ਆਪੇ*
*ਤੂੰ-ਤੂੰ, ਮੈਂ-ਮੈਂ, ਅਸੀਂ ਹੋ ਗਏ,*
*ਇੱਕ ਜੋਤ ਬਣੀਆਂ ਦੋ ਲਾਟਾਂ..*
*ਉਹੀ ਏਥੇ ਰੱਜ ਖਾਊਗਾ,*
*ਜਿਹੜਾ ਕਰੂਗਾ ਹੱਥੀਂ ਮਜ਼ਦੂਰੀ*
*ਸ਼ਾਂਤੀ ਤੇ ਸੁੱਖ ਵਾਸਤੇ,*
*ਨਾਮ ਜਪਣਾ ਸਮਾਧੀ ਨਹੀਂ ਜ਼ਰੂਰੀ*
*ਉਦਮ ਦਲੇਰੀ ਲੈ ਗਏ,*
*ਖੋਹ ਕੇ ਲੇਖ 'ਤੇ ਨਸੀਬ ਦੀਆਂ ਗਾਟਾਂ*

—0—

*ਲੰਬੜਾਂ ਦੀ ਕੰਧ ਟੱਪ ਕੇ,*
*ਮੁੰਡਾ ਕੰਡਿਆਂ 'ਚੋ ਬੇਰ ਲਿਆਇਆ*
*ਤਲ਼ੀ ਉੱਤੇ ਜਾਨ ਰੱਖ ਕੇ,*
*ਉਹਨੇ ਬੇਰੀ ਦੇ ਪਿੰਡੇ ਨੂੰ ਹੱਥ ਪਾਇਆ*
*ਜਿਸ ਵੇਲੇ ਰੋਕ ਨਾ ਸਕੀ,*
*ਨਵੇਂ ਪੈਰਾਂ ਨੂੰ ਦੀਵਾਰ ਪੁਰਾਣੀ*
*ਨੱਸ ਕੇ ਅੰਦਰ ਲੁਕ ਗਈ,*
*ਕੁੰਡਾ ਮਾਰ ਕੇ ਵੱਡੀ ਚੌਧਰਾਣੀ*
*ਮੁੱਛਾਂ ਉੱਤੇ ਹੱਥ ਫੇਰ ਕੇ,*
*ਨਾਲੇ ਖੰਘਿਆ ਤੇ ਨਾਲੇ ਮੁਸਕਾਇਆ..*

ਪੰਜਾਬੀ ਗੀਤਾਂ ਦੇ ਰਿਕਾਰਡ ਇਕੱਠੇ ਕਰਨ ਦਾ ਸ਼ੌਕ ਮੈਨੂੰ ਮੁੱਢ ਤੋਂ ਹੀ ਹੈ। ਜਦੋਂ ਗੁਰਦਾਸ ਰਾਮ ਆਲਮ ਦੇ ਗੀਤ ਲੱਭਣੇ ਚਾਹੇ ਤਾਂ ਬੜਾ ਹੀ ਦੁੱਖ ਹੋਇਆ ਕਿ ਇੰਗਲੈਂਡ ਵਾਲੇ ਗਿਆਨ ਸਿੰਘ ਸੁਰਜੀਤ ਦੀ ਆਵਾਜ਼ ਵਿੱਚ ਇੱਕੋ ਹੀ ਗੀਤ ਰਿਕਾਰਡ ਹੋਇਆ ਮਿਲਿਆ, ਜਿਸਦੇ ਬੋਲ ਹਨ:

*ਵੇ ਪਿੱਪਲ਼ਾ ਸੱਜਣਾਂ ਦੇ ਪਿੰਡ ਦਿਆ,*
*ਭੇਦ ਛੁਪਾ ਕੇ ਰੱਖੀਂ*
*ਤੂੰ ਕੰਨਾਂ ਨਾਲ ਸੁਣ ਚੁੱਕਾ ਏਂ,*
*ਵੇਖ ਚੁੱਕਾ ਏਂ ਅੱਖੀਂ*
*ਤੇਰੇ ਹੇਠਾਂ ਦੁੱਖ-ਸੁੱਖ ਫੋਲਣ ਆਉਂਦੇ ਰਹੇ ਕਈ ਜੋੜੇ*
*ਪ੍ਰੀਤ ਜਿਨ੍ਹਾਂ ਦੀ ਯੁੱਗਾਂ ਲੰਮੀ,*
*ਜਿਉਂਦੇ ਰਹੇ ਦਿਨ ਥੋੜ੍ਹੇ*
*ਅੱਗ ਬ੍ਰਿਹੋਂ ਦੀ ਇੱਕੋ ਜਿੰਨੀ,*
*ਲੱਗੀ ਸੀ ਦੋਂਹ ਪੱਖੀਂ, ਵੇ ਪਿੱਪਲਾ..*

ਉਨ੍ਹਾਂ ਨੇ 1972 'ਤੇ 1975 ਵਿੱਚ ਦੋ ਵਾਰ ਇੰਗਲੈਂਡ ਦਾ ਦੌਰਾ ਕੀਤਾ। ਉੱਥੇ ਉਹ ਜਦੋਂ ਵੀ ਸਟੇਜ਼ 'ਤੇ ਕਵਿਤਾ ਬੋਲਦੇ ਤਾਂ ਹਮੇਸ਼ਾ ਵੱਖਰਾ ਵਿਸ਼ਾ ਛੋਂਹਦੇ। ਉਨ੍ਹਾਂ ਦਾ ਪ੍ਰਭਾਵ ਵੀ ਵੱਖਰੀ ਕਿਸਮ ਦਾ ਹੁੰਦਾ। ਆਲਮ ਜੀ ਨੇ ਆਪਣਾ ਸਾਰਾ ਜੀਵਨ ਸਾਦਾ ਰਹਿਣੀ-ਬਹਿਣੀ ਵਿੱਚ ਬਤੀਤ ਕੀਤਾ। ਉਹ ਹਮੇਸ਼ਾ ਹੀ ਘਰ ਦੇ ਬੁਣੇ ਖੱਦਰ ਦਾ ਚਿੱਟਾ ਕੁੜਤਾ-ਪਜਾਮਾ 'ਤੇ ਚਿੱਟੀ ਪੱਗੜੀ ਹੀ ਪਹਿਨਦੇ ਸਨ। ਉਹ ਆਪਣੇ ਜ਼ਿੰਦਗੀ ਦੇ ਸਫਰ ਦਾ ਸਵੈ-ਮੰਥਨ ਕੁੱਝ ਇਸ ਤਰ੍ਹਾਂ ਕਰਦੇ ਹਨ:

*ਮੈਂ ਜੋ ਕੁੱਝ ਕਰਨ ਆਇਆ ਸੀ,*
*ਉਹ ਬੇਸ਼ੱਕ ਕਰ ਨਹੀਂ ਸਕਿਆ*
*ਕਿਸੇ ਨੂੰ ਜੇ ਡਰਾਇਆ ਨਹੀਂ,*
*ਕਿਸੇ ਤੋਂ ਡਰ ਵੀ ਨਹੀਂ ਸਕਿਆ*
*ਮੇਰਾ ਬੇੜਾ ਸਮੁੰਦਰ ਦੇ ਭੰਵਰ ਵਿੱਚ ਦੇਰ ਤੋਂ ਰਿਹਾ ਲੜਦਾ*
*ਜੇ ਡੁੱਬਾ ਨਹੀਂ ਤੂਫਾਨਾਂ ਤੋਂ ਤੇ ਬਚ ਕੇ ਤਰ ਵੀ ਨਹੀਂ ਸਕਿਆ*
*ਲਗਨ ਦੇ ਖੁਸ਼ਕ ਕਾਸੇ ਨੂੰ ਜ਼ਿਗਰ ਦਾ ਖ਼ੂਨ ਪਾ-ਪਾ ਕੇ*
*ਜੇ ਖਾਲੀ ਰਹਿਣ ਨਹੀਂ ਦਿੱਤਾ ਤੇ ਪੂਰਾ ਭਰ ਵੀ ਨਹੀਂ ਸਕਿਆ*
*ਜੋ ਮੈਨੂੰ ਰੋਗ ਲੱਗਾ ਹੈ,*
*ਉਹਦੇ ਵਿੱਚ ਕਸਰ ਨਹੀਂ ਕੋਈ*
*ਮੇਰਾ ਬੁੱਤ ਹੀ ਅਵੱਲਾ ਹੈ,*
*ਜੋ ਹੁਣ ਤੱਕ ਖਰ ਨਹੀਂ ਸਕਿਆ*
*ਤਦੇ ਮੈਂ ਹਰ ਮੁਸੀਬਤ ਨੂੰ ਹਮੇਸ਼ਾ ਗਲ਼ ਲਗਾ ਲੈਨਾਂ*
*ਏਹ 'ਆਲਮ' ਕਹੇ ਨਾ,*
*ਆਸ਼ਕ ਮੁਸੀਬਤ ਜਰ ਨਹੀਂ ਸਕਿਆ*

ਉਨ੍ਹਾਂ ਦੀ ਸਾਰੀ ਜ਼ਿੰਦਗੀ ਤੰਗੀਆਂ ਤਰੁਸ਼ੀਆਂ ਵਿੱਚ ਹੀ ਬੀਤੀ, ਪਰ ਉਨ੍ਹਾਂ ਨੇ ਮਾਨਸਿਕ ਤੌਰ ਤੇ ਇਸ ਨੂੰ ਆਪਣੇ ਉੱਪਰ ਹਾਵੀ ਨਹੀਂ ਹੋਣ ਦਿੱਤਾ ਸੀ। ਪਰ ਫਿਰ ਵੀ ਅੱਧਿਓਂ ਵੱਧ ਉਮਰ ਹੰਢਾਉਣ ਤੋਂ ਬਾਅਦ ਉਨ੍ਹਾਂ ਨੂੰ ਕਾਫੀ ਸਾਰੇ ਦੁੱਖ-ਤਕਲੀਫਾਂ ਦਾ ਸਾਹਮਣਾ ਕਰਨਾ ਪਿਆ। ਉਸ ਦੇ ਤਿੰਨ ਪੁੱਤਰਾਂ; ਸਾਹਿਤ, ਸੰਗੀਤ ਤੇ ਅੰਦੋਲਨ ਦੀ ਮੌਤ ਹੋ ਗਈ ਸੀ। ਪਰ ਹਾਲੇ ਹੋਰ ਵੀ ਦੁੱਖ ਦੇਖਣਾ ਬਾਕੀ ਸੀ। ਕੁੱਝ ਸਮੇਂ ਬਾਅਦ ਉਨ੍ਹਾਂ ਦੇ ਚੌਥੇ ਪੁੱਤਰ ਜੋ ਕਿ ਮਹਿਜ਼ ਸੱਤ ਮਹੀਨਿਆਂ ਦਾ ਹੀ ਸੀ ਦੀ ਵੀ ਮੌਤ ਹੋ ਗਈ। ਉਸ ਸਮੇਂ ਉਨ੍ਹਾਂ ਨੇ ਬੜੇ ਵਿਯੋਗ ਵਿੱਚ ਇੱਕ ਕਵਿਤਾ ਰਾਹੀਂ ਰੱਬ ਅਤੇ ਜੱਗ ਨੂੰ ਉਲਾਂਭਾ ਦਿੱਤਾ:

*ਮੁੜ ਰਹੇ ਸੀ ਘਰ ਨੂੰ ਡਾਂਗਰੀ,*
*ਜਦ ਦਿਨ ਸੀ ਅੱਧੋਂ ਟੱਪ ਰਿਹਾ*
*ਅੰਬਰ ਦਾ ਸੂਰਜ ਕਾਇਮ ਸੀ,*
*ਸਾਡਾ ਸੀ ਸੂਰਜ ਛਿਪ ਰਿਹਾ*
*ਸੱਤਾਂ ਰੁੱਤਾਂ ਦੇ ਪੱਤਰੇ,*
*ਪਾਣੀ ਵੀ ਸੱਤਾਂ ਖੂਹਾਂ ਦਾ*
*ਕੁੱਝ ਨਾ ਸਹਾਇਤਾ ਕਰ ਸਕੇ,*
*ਚੁਰੱਸਤੇ ਬੇਗਾਨੀਆਂ ਜੂਹਾਂ ਦੇ*
*ਦੇਵੀ, ਦੇਵਤੇ, ਪੀਰ, ਗੁਰੂ ਨੇ ਵੀ ਸੁਣੀ ਅਰਦਾਸ ਨਾ*
*ਧਾਗੇ, ਤਵੀਤਾਂ, ਧੂਣੀਆਂ ਦੀ, ਵਿਧੀ ਆਈ ਰਾਸ ਨਾ*
*ਰੋ ਰਹੇ ਸੀ ਤਿੰਨ ਜਣੇ,*
*ਚੁੱਕ-ਚੁੱਕ ਬੱਚੇ ਦੀ ਲੋਥ ਨੂੰ*
*ਰੋਂਦੀ ਏ ਸੱਸੀ ਜਿਸ ਤਰ੍ਹਾਂ,*
*ਪੁੰਨੂੰ ਪਿਆਰੇ ਹੋਤ ਨੂੰ*
*ਇੱਕ ਮੈਂ, ਇੱਕ ਸਾਥਣ ਮੇਰੀ,*
*ਤੀਜੀ ਜਾਂ ਸਾਡੀ ਧੀ ਸੀ*
*ਡੰਡੀ ਜਿੰਨਾ ਨਾ ਬਹੁੜਿਆ,*
*ਕੋਈ ਕੋਲ਼ ਸਾਡੇ ਜੀਅ ਸੀ*
*ਕਹਿ ਰਹੀ ਸੀ ਮੇਰੀ ਸਾਥਣ,*
*ਬਹੁਤ ਕੁੱਝ ਲਲਕਾਰ ਕੇ*
*ਆਪਣੇ ਭਗਵਾਨ ਨੂੰ,*
*ਭੁੰਜੇ ਦੁਹੱਥੜੇ ਮਾਰ ਕੇ*
*ਪਹਿਲਾਂ ਨਾ ਦਿੰਦਾ ਮਾਲਕਾ,*
*ਜੇ ਇਹ ਸੀ ਤੇਰੀਆਂ ਮਰਜ਼ੀਆਂ*
*ਮੈਂ ਕਦ ਤੇਰੇ ਦਰਬਾਰ ਵਿੱਚ ਸੀ,*
*ਲਿਖਕੇ ਪਹੁੰਚਾਈਆਂ ਅਰਜ਼ੀਆਂ*
*ਸਾਡੇ ਗੁਆਂਢ ਵਿੱਚ ਸੀ,*
*ਉਸ ਦਿਨ ਇੱਕ ਕੁੜਮਾਈ ਦਾ*
*ਕਰ ਰਹੀਆਂ ਸੀ ਔਰਤਾਂ,*
*ਨੱਚ ਕੇ ਆਰੰਭ ਅਸ਼ਨਾਈ ਦਾ*
*ਅੱਡੀਆਂ ਦੀ ਧਮਕ,*
*ਸਾਡੇ ਪਿੱਟਣ ਨਾਲ ਚਲਦੀ ਰਹੀ*
*ਰੋਣ ਅਤੇ ਗਾਉਣ ਦੀ ਆਵਾਜ਼ ਵੀ ਰਲਦੀ ਰਹੀ*

ਗੁਰਦਾਸ ਰਾਮ ਆਲਮ ਜੀ ਦੀਆਂ ਚਾਰ ਕਿਤਾਬਾਂ ਛਪੀਆਂ; 'ਜੇ ਮੈਂ ਮਰ ਗਿਆ', 'ਅੱਲ੍ਹੇ ਫੱਟ', 'ਉੱਡਦੀਆਂ ਧੂੜਾਂ', 'ਆਪਣਾ ਆਪ'। ਪਰ ਅਫ਼ਸੋਸ ਕਿ ਹੁਣ ਇਹਨਾਂ ਕਿਤਾਬਾਂ ਵਿੱਚੋਂ ਕੋਈ ਵੀ ਪਾਠਕਾਂ ਲਈ ਉਪਲੱਬਧ ਨਹੀਂ।

ਮੈਂ ਆਲਮ ਜੀ ਦੇ ਉਹਨਾਂ ਕੁੱਝ ਕੁ ਗੀਤਾਂ ਦੇ ਮੁੱਖੜੇ ਤੁਹਾਡੇ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ, ਜਿੰਨਾਂ ਲਈ ਮੇਰੇ ਮਨ ਵਿੱਚ ਸੁਆਲ ਉੱਠਦਾ ਹੈ ਕਿ ਆਖਿਰ ਇਹ ਗੀਤ ਰਿਕਾਰਡ ਕਿਉਂ ਨਹੀਂ ਹੋਏ:

*ਮੁੱਕੀਆਂ ਨਾ ਮਾਹੀ ਦੀਆਂ ਹੋਰ-ਹੋਰ ਗੱਲਾਂ*
*ਸਾਡੀ ਗੱਲ ਵੱਲ ਉਹਨੇ ਭੋਰਾ ਨਾ ਧਿਆਨ ਦਿੱਤਾ*
*ਕਈ ਵਾਰ ਦੇਖੀਆਂ ਮੈਂ ਤੋਰ-ਤੋਰ ਗੱਲਾਂ..*
*ਗੱਲਾਂ ਉਹਨੇ ਲੱਖ ਤੇ ਕਰੋੜ ਭਾਵੇਂ ਕੀਤੀਆਂ*
*ਕਈ ਹੱਡ ਬੀਤੀਆਂ ਤੇ ਕਈ ਜੱਗ ਬੀਤੀਆਂ*
*ਮੇਰੇ ਸੀਨੇ ਠੰਡ ਪਾਉਣ ਵਾਲੀ ਨਿਕਲੀ ਨਾ ਕੋਈ*
*ਦੇਖੀਆਂ ਮੈਂ ਜਦ ਸਭ ਠੋਰ-ਠੋਰ ਗੱਲਾਂ..*

ਆਹ ਇੱਕ ਹੋਰ ਰੰਗ ਦੇਖੋ:

*ਚੇਟਕ ਚਿੱਤ ਨੂੰ ਲਾ ਕੇ ਚਿੱਤ ਚੋਰਾ*
*ਸਾਡੇ ਚਿੱਤ ਦਾ ਚਿੱਤ ਪ੍ਰਚਾਉਣੋਂ ਰਹਿਗੇ*
*ਪਿੰਡੇ ਨਾਲ ਪਿੰਡਾ ਲਾ ਕੇ ਪੌਣ ਵਾਂਗੂੰ*
*ਚੰਨ ਮੁੱਖੜਾ ਤੁਸੀਂ ਵਿਖਾਉਣੋਂ ਰਹਿਗੇ*
*ਸਾਨੂੰ ਆਪਣੇ ਕੋਲ਼ ਹੀ ਸੱਦ ਲੈਂਦੇ*
*ਜੇਕਰ ਕੋਲ਼ ਸਾਡੇ ਤੁਸੀਂ ਆਉਣੋਂ ਰਹਿਗੇ*
*'ਆਲਮ' ਅਸੀਂ ਅੱਜ ਹਾਰ ਕੇ ਲਿਖੀ ਚਿੱਠੀ*
*ਸਾਨੂੰ ਤੁਸੀਂ ਤੇ ਚਿੱਠੀ ਵੀ ਪਾਉਣੋਂ ਰਹਿਗੇ*

ਇੱਕ ਹੋਰ ਗੀਤ ਦਾ ਮੁੱਖੜਾ ਦੇਖੋ:

*ਵਕਤ ਦਿਆ ਵਾਰਸਾ,*
*ਸੰਚਾਲਕਾ ਜਹਾਨ ਦਿਆ*
*ਤੇਰੇ ਵੱਲ ਧਿਆਨ ਹੈ,*
*ਲੋਕਾਈ ਅੱਜ ਸਾਰੀ ਦਾ*
*ਅੰਬਰਾਂ ਨੂੰ ਲੀਰ ਸੁੱਟ,*
*ਪਰਬਤਾਂ ਨੂੰ ਚੀਰ ਸੁੱਟ*
*ਰਹਿੰਦ-ਖੂੰਹਦ ਗੋਰਾ ਛੱਡ ਗਿਆ ਜੋ ਬੇਕਾਰੀ ਦਾ*
*ਉੱਜਲ ਭਵਿੱਖ ਤੇਰਾ,*
*ਚਾਨਣੇ ਨੇ ਰਾਹ ਤੇਰੇ*
*ਮੰਜ਼ਿਲ ਦੇ ਕਰੀਬ ਆ ਕੇ,*
*ਹੌਂਸਲਾ ਨੀਂ ਹਾਰੀਦਾ*

27 ਸਤੰਬਰ 1989 ਨੂੰ ਗੁਰਦਾਸ ਰਾਮ ਆਲਮ ਜੀ ਸਾਥੋਂ ਸਦਾ ਲਈ ਵਿੱਛੜ ਗਏ। ਪਰ ਪੰਜਾਬੀ ਕਵਿਤਾ ਤੇ ਪੰਜਾਬੀ ਗੀਤਕਾਰੀ ਵਿੱਚ ਉਨ੍ਹਾਂ ਦੀ ਕਲਮ ਨੂੰ ਸੰਭਾਲਣ ਦੀ ਡਾਹਢੀ ਜ਼ਰੂਰਤ ਹੈ। ਉਹ ਜ਼ਿੰਦਗੀ ਅਤੇ ਮੌਤ ਨੂੰ ਆਪਣੇ ਸ਼ਬਦਾਂ ਵਿੱਚ ਕੁੱਝ ਇਸ ਤਰ੍ਹਾਂ ਬਿਆਨਦੇ ਹਨ:

*ਅਸੀਂ ਮੇਲਾ ਵੇਖਣ ਆਏ ਹਾਂ,*
*ਕੋਈ ਚੀਜ਼ ਅਨੋਖੀ ਲੈ ਚੱਲੀਏ*
*ਸੱਜਣਾਂ ਨੇ ਸਾਥੋਂ ਮੰਗਣੀ ਹੈ,*
*ਖੀਸੇ ਵਿੱਚ ਪਾ ਕੇ ਸ਼ੈਅ ਚੱਲੀਏ*

*ਇਸ ਭੀੜ 'ਚ ਜਿਹੜਾ ਖੁੰਝ ਗਿਆ,*
*ਕੋਈ ਕਦੇ ਕਿਸੇ ਨੂੰ ਮਿਲਿਆ ਨਹੀਂ*
*ਭੁੱਲੇ ਵਿਸਰੇ ਨਕਸ਼ ਪਛਾਨਣ ਲਈ,*
*ਕਰ ਕੋਈ ਨਿਸ਼ਾਨੀ ਤਹਿ ਚੱਲੀਏ*

*ਇਹ ਵੀ ਤਾਂ ਯਾਰ ਪੁਰਾਣੇ ਐ,*
*ਅੱਜ ਆਪ ਅਚਾਨਕ ਮਿਲ ਪਏ ਜੋ*
*ਫਿਰ ਮਿਲੀਏ ਖੌਰੇ ਨਾ ਮਿਲੀਏ,*
*ਕੁੱਝ ਸੁਣ ਚੱਲੀਏ, ਕੁੱਝ ਕਹਿ ਚੱਲੀਏ*

*ਲੈ ਕੇ ਵੀ ਜਾਣਾ ਚਾਹੀਦੈ,*
*ਕੁੱਝ ਜ਼ਿੰਦਗੀ ਭਰ ਦੀ ਮਿਹਨਤ 'ਚੋਂ*
*ਦੇ ਕੇ ਵੀ ਜਾਣਾ ਚਾਹੀਦੈ,*
*ਜਿੱਥੇ ਚਾਰ ਦਿਹਾੜੇ ਰਹਿ ਚੱਲੀਏ..*

*ਮੇਲੇ ਦੀਆਂ ਚੌਂਹ ਕੂਟਾਂ 'ਤੇ,*
*ਮੈਂ ਪੰਧ ਬਥੇਰਾ ਕੀਤਾ ਏ*
*ਦਿਨ ਢਲ਼ ਗਿਆ, ਸ਼ਾਮਾਂ ਪੈ ਚੱਲੀਆਂ,*
*ਹੁਣ ਜੀਅ ਕਰਦੈ ਕਿਤੇ ਬਹਿ ਚੱਲੀਏ*

*ਸਾਡੇ ਮਗਰੋਂ ਦਰਸ਼ਕ ਮੇਲੇ ਦੇ,*
*ਸਾਨੂੰ ਚੇਤੇ ਕਰਕੇ ਰੋਵਣਗੇ*
*'ਆਲਮ' ਨੂੰ ਸੁੱਖ ਪੁਚਾਵਣ ਲਈ,*
*ਜੋ ਆਪ ਤਸੀਹੇ ਸਹਿ ਚੱਲੀਏ*

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਇਹ ਲੁੱਚੇ ਗੀਤ ਗਾਉਂਦਾ

# ਇਹ ਗੀਤ ਲੁੱਚਾ ਕਿੱਥੇ ਆ, ਇਹ ਤਾਂ ਮਾਣਕ ਦਾ ਐ

ਸਭ ਵੱਡੇ ਛੋਟੇ ਰਿਸ਼ਤਿਆਂ ਨੂੰ ਆਂਟੀ ਅਤੇ ਅੰਕਲ ਦੇ ਰੱਸੇ ਨਾਲ ਲਪੇਟਣ ਤੋਂ ਬਾਅਦ ਹੁਣ ਯਾਰ ਸ਼ਬਦ ਨਾਲ ਸਭ ਕੁੱਝ ਮਲੀਆਮੇਟ ਹੀ ਕੀਤਾ ਜਾ ਰਿਹਾ ਹੈ। ਜਿੱਥੇ ਮਰਦਾਂ ਦੀ ਦੋਸਤੀ ਚ ਯਾਰ ਇੱਕ ਪਵਿੱਤਰ ਸ਼ਬਦ ਹੈ, ਉੱਥੇ ਔਰਤ ਮਰਦ ਦੇ ਸਬੰਧਾਂ ਚ ਉਹ ਗਾਲ ਵੀ ਹੈ ਜਿਸ ਨੂੰ ਲੈਕੇ ਗੱਲ ਕਤਲਾਂ ਤੱਕ ਵੀ ਚਲੀ ਜਾਂਦੀ ਹੈ।

ਥੋੜੇ ਦਿਨ ਪਹਿਲਾਂ ਦਿੱਲੀ ਤੋਂ ਮਾਨਸਾ ਰੇਲ ਗੱਡੀ ਦੇ ਸਲੀਪਰ ਡੱਬੇ ਚ ਸਫ਼ਰ ਕਰ ਰਿਹਾ ਸੀ। ਮੇਰੇ ਸਾਹਮਣੇ ਟੇਬਲ ਵਾਲੀ ਸੀਟ ਤੇ ਇੱਕ ਪੰਜਾਬੀ ਪਰਿਵਾਰ ਬੈਠਾ ਸੀ ਜਿਸ ਨੇ ਦੂਜਿਆਂ ਮੁਸਾਫ਼ਰਾਂ ਨਾਲ ਬਦਲੀ ਕਰ ਕੇ ਸੀਟਾਂ ਇੱਕ ਟੇਬਲ ਦੁਆਲੇ ਮੱਲ ਲਈ ਆਂ ਸਨ।

ਪਰਿਵਾਰ ਚ ਮੋਨੇ ਤੀਹ ਕੁ ਸਾਲ ਦੇ ਮੁੰਡੇ ਅਤੇ ਇੱਕ ਪਗੜੀ ਧਾਰੀ ਮਰਦ ਚਾਲੀ ਕੁ ਸਾਲ, ਤਿੰਨ ਔਰਤਾਂ ਤੇ ਇੱਕ ਬਾਰਾਂ ਤੇਰਾਂ ਸਾਲ ਦੀ ਲੜਕੀ ਤੇ ਦੋ ਗੋਦੀ ਬੱਚੇ ਸਨ। ਲੱਗਦਾ ਸੀ ਪਰਿਵਾਰ ਅੱਗੇ ਹਜ਼ੂਰ ਸਾਹਿਬ ਤੋਂ ਆਇਆ ਹੈ। ਇੱਕ ਬੱਚਾ ਰਿਹਾੜ ਕਰਨ ਲੱਗਾ, ਤੇ ਉਹਦੀ ਮਾਂ ਬੋਲੀ, ਯਾਰ ਤੂੰ ਟਿਕ ਜਾ, ਸਵੇਰ ਦਾ ਤਾਂ ਸੁੱਤਾ ਆਇਆਂ ਤੇ ਹੁਣ ਤੂੰ ਟਿਕਦਾ ਨੀ, ਫਿਰ ਨਾਲਦੇ ਨੂੰ ਬੋਲੀ, ਲਿਆ ਯਾਰ ਮੇਰਾ ਬੈਗ ਲਾਹ ਕੇ ਦੇਹ ਇਸਨੂੰ ਕੁੱਝ ਖਾਣ ਨੂੰ ਦੇਵਾਂ, ਫਿਰ ਦੂਜੀ ਬੋਲੀ, ਯਾਰ ਮੇਰੇ ਵਾਲਾ ਬੈਗ ਵੀ ਫੜਾ, ਪਾਣੀ ਦੀ ਬੋਤਲ ਕੱਢਣੀ ਐ। ਔਰਤਾਂ ਆਪਸ ਚ ਵੀ ਗੱਲ ਗੱਲ ਤੇ ਯਾਰ ਸ਼ਬਦ ਦੀ ਵਰਤੋਂ ਕਰ ਰਹੀਆਂ ਸਨ, ਇਸੇ ਸ਼ਬਦ ਦੀ ਵਰਤੋਂ ਕਰਕੇ ਉਨ੍ਹਾਂ ਚ ਮੇਰਾ ਧਿਆਨ ਜਾ ਰਿਹਾ ਸੀ, ਸਮਝ ਨਹੀਂ ਸੀ ਲੱਗਦੀ ਕਿ ਕੌਣ ਕਿਸੇ ਦਾ ਕੀ ਲੱਗਦਾ ਹੈ ? ਇੱਕ ਪੰਜਾਬੀ ਪਰਿਵਾਰ ਜੋ ਜਾਖਲ ਆ ਕੇ ਉੱਤਰਿਆ, ਉਨ੍ਹਾਂ ਦੀ ਇਸ ਤਰ੍ਹਾਂ ਦੀ ਬੋਲਚਾਲ ਤੋਂ ਹੈਰਾਨ ਤੇ ਪ੍ਰੇਸ਼ਾਨ ਹੋਇਆ ਕਿ ਅਸੀਂ ਕਿਹੜੇ ਮਾਡਰਨ ਪੁਣੇ ਦੇ ਵਹਿਣ ਚ ਰੁੜ ਗਏ ?

ਪੰਜਾਬੀ ਐਨੀ ਅਮੀਰ ਭਾਸ਼ਾ ਹੈ ਕਿ ਹਰ ਵੱਡੇ ਛੋਟੇ ਰਿਸ਼ਤੇ ਲਈ ਵੱਖੋ ਵੱਖਰੇ ਨਾਮ ਨੇ ਜਿਨ੍ਹਾਂ ਨੂੰ ਪਹਿਲਾਂ ਅਸੀਂ ਅੰਕਲ ਆਂਟੀ ਦੇ ਨਾਮ ਹੇਠਾਂ ਰੋਲ ਘਚੋਲਾ ਕਰ ਦਿੱਤਾ ਤੇ ਹੁਣ ਅਗਲੀ ਪੀੜ੍ਹੀ ਸਿੱਧੀ ਯਾਰ ਸ਼ਬਦ ਤੇ ਉੱਤਰ ਆਈ ਹੈ। ਬੈਠੇ ਬੈਠੇ ਯਾਰ ਸ਼ਬਦ ਤੋਂ ਬਚਪਨ ਦੀ ਇੱਕ ਘਟਨਾ ਯਾਦ ਆ ਗਈ, ਮੈਂ ਸੱਤ ਅੱਠ ਕੁ ਸਾਲ ਦਾ ਸਾਂ ਵਿਹੜੇ ਚ ਫਿਰਦਾ ਮਾਣਕ ਦਾ ਗੀਤ, ਸਹਿਬਾਂ ਬਣੀ ਭਰਾਵਾਂ ਦੀ ਭਾਈਆਂ ਤੋਂ ਯਾਰ ਮਰਾਤਾ ਗਾਈ ਜਾ ਰਿਹਾ ਸੀ, ਵੱਡੇ ਭਰਾ ਨੇ ਦਾਦੀ ਕੋਲ ਜਾ ਸ਼ਿਕਾਇਤ ਲਈ ਕਿ ਇਹ ਲੁੱਚੇ ਗੀਤ ਗਾਉਂਦਾ। ਮੈਂ ਕਿਹਾ, ਇਹ ਗੀਤ ਲੁੱਚਾ ਕਿੱਥੇ ਆ ਇਹ ਤਾਂ ਮਾਣਕ ਦਾ ਐ। ਤੇ ਹੋਰ ਕੀ ? ਆਹ ਦੇ ਯਾਰ ਲੁੱਚਾ ਹੀ ਹੁੰਦਾ ਤੇ ਲੋਕ ਭੈਂ ਦਾ ਯਾਰ ਕਹਿਕੇ ਗਾਲ ਨੀ ਕੱਢਦੇ ਹੁੰਦੇ ?ਦਾਦੀ ਨੇ ਚਲਾਵੀਂ ਸੋਟੀ ਮੇਰੇ ਗਿੱਟਿਆਂ ਵੱਲ ਛੱਡ ਦਿਤੀ ਕਿ ਖੜ੍ਹ ਜਾ ਮੈਂ ਤੈਨੂੰ ਦੱਸਦੀ ਹਾਂ ਪਤਾ।




ਇੱਕ ਹੋਰ ਸ਼ਬਦ ਹੈ ਦੀਦੀ ਜੋ ਸ਼ਾਇਦ ਬੰਗਾਲੀ ਭਾਸ਼ਾ ਦਾ ਹੈ ਜਿਸ ਦਾ ਅਰਥ ਵੀ ਭੈਣ ਹੈ ਜੋ ਪੰਜਾਬੀ ਔਰਤਾਂ ਬਹੁਤ ਬੋਲਦੀਆਂ ਹਨ। ਜੇਕਰ ਮੇਰੇ ਸਾਹਮਣੇ ਇਹ ਕੋਈ ਸ਼ਬਦ ਬੋਲੇ ਤਾਂ ਮੈਂ ਝੱਟ ਟੋਕ ਦਿੰਦਾ ਹਾਂ। ਪਤਾ ਨਹੀਂ ਕਿਉਂ ਅਸੀਂ ਆਪਣੀ ਭਾਸ਼ਾ ਅਤੇ ਸ਼ਬਦਾਂ ਨੂੰ ਛੱਡਕੇ ਅਗਾਂਹ ਵਧੂ ਹੋਣ ਦੇ ਭਰਮ ਚ ਜਿੱਥੇ ਰੋਲ ਘਚੋਲਾ ਪੈਦਾ ਕਰ ਰਹੇ ਹਾਂ ਉੱਥੇ ਪਵਿੱਤਰ ਰਿਸ਼ਤਿਆਂ ਨੂੰ ਵੀ ਕਲੰਕਿਤ ਕਰ ਰਹੇ ਹਾਂ।

**ਮੁਖਤਿਆਰ ਪੱਖੋ ਦੀ ਕਲਮੀ ਕੰਧ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਕਾਪੀ ਕੀਤਾ**




# ਮਨ ਪਰਦੇਸੀ ਜੇ ਥੀਐ

ਖ਼ੁਸ਼ੀ ਵਿਹਾਜਣ ਲਈ ਚਾਰਦੀਵਾਰੀ ਅੰਦਰ ਬੰਦ ਹੋਣਾ ਨਹੀਂ, ਸਗੋਂ ਹੋਰਨਾਂ ਕੋਲ਼ ਨਿਰਸਵਾਰਥ ਸਾਥ ਲੈ ਕੇ ਜਾਣਾ ਪੈਂਦਾ ਹੈ। ਜਿੱਥੇ ਰੂਹ ਸ਼ਾਂਤ ਹੋ ਸਕੇ, ਜਿੱਥੇ ਯਾਦਾਂ ਘਰ ਦੇ ਬਨੇਰਿਆਂ 'ਤੇ ਖਿਲਰੀ ਧੁੱਪ ਦੇ ਸੁਪਨੇ ਪਾਲ਼ ਸਕਣ। ਅਜਿਹੇ ਅੰਤਲੇ ਪੜਾਅ 'ਤੇ ਹਰ ਕੋਈ ਆਪਣੇ ਅੰਦਰ ਲੱਗੀ ਉੱਲੀ ਨੂੰ ਲਾਹੁਣ ਲਈ ਹੀਲੇ ਜੋੜਦਾ ਹੈ। ਕਦੇ ਗੁਰਦੁਆਰੇ ਦੀ ਸੰਗਤ, ਕਦੇ ਮੇਲੇ ਦਾ ਹਿੱਸਾ, ਕਦੇ ਕਿਤੇ ਘਰ ਵਿਚਲੀ ਰੌਣਕ ਦਾ ਟੋਟਾ ਬਣਦਾ ਖ਼ੁਸ਼ੀਆਂ ਨੂੰ ਪੌੜੀ ਲਾਉਣ ਦੇ ਬਹਾਨੇ ਘੜਦਾ ਹੈ। ਉਮਰਾਂ ਸਿਰੋਂ ਲੰਘੀਆਂ ਧੁੱਪਾਂ-ਛਾਵਾਂ ਸੱਜਰੀਆਂ ਹੋ-ਹੋ ਖੜ੍ਹਦੀਆਂ ਨੇ। ਕੰਨ ਪਛਾਣੀਆਂ ਆਵਾਜ਼ਾਂ ਨੂੰ ਤਰਸ ਜਾਂਦੇ ਹਨ। ਰੱਬ ਨਾ ਕਰੇ ਜੇ ਇਸ ਪਹਿਰ ਤੱਕ ਪੁਜਦਿਆਂ ਔਲਾਦ ਦਗਾ ਦੇ ਜਾਏ ਤਾਂ ਪਛਤਾਵਾ ਹੀ ਪੱਲੇ ਰਹਿ ਜਾਂਦਾ ਹੋਵੇਗਾ।

ਬਜ਼ੁਰਗ ਮਾਵਾਂ ਆਖਦੀਆਂ ਹੁੰਦੀਆਂ ਸਨ ਕਿ ਜਿਸ ਕਿਸੇ ਜਵਾਕ ਨੇ ਮਾਂ ਦਾ ਦੁੱਧ ਪੀਤਾ ਹੁੰਦਾ ਹੈ, ਉਸ ਦੀ ਉਤਨੀ ਹੀ ਖਿੱਚ ਮਾਂ ਲਈ ਸਾਰੀ ਉਮਰ ਬਣੀ ਰਹਿੰਦੀ ਹੈ। ਬੀਤੀ ਜ਼ਿੰਦਗੀ ਦੇ ਵਰ੍ਹੇ ਨਾ ਮਿਟਾਏ ਜਾ ਸਕਦੇ ਨੇ ਤੇ ਨਾ ਦੁਹਰਾਏ ਜਾ ਸਕਦੇ ਨੇ। ਪਰ ਮਨ ਵਾਰ-ਵਾਰ ਅਜਿਹਾ ਕਰਨ ਦੀ ਲੋਚਦਾ ਹੈ। ਇਹੀ ਸਭ ਸੋਚਦਿਆਂ ਸਾਹਾਂ ਦੀ ਮੋਹਲਤ ਪੁੱਗ ਜਾਂਦੀ ਹੈ। ਪਰ ਕੁੱਝ ਗੱਲਾਂ ਤਹਿ ਹਨ ਕਿ ਖ਼ੁਸ਼ੀ ਖਰੀਦੀ ਨਹੀਂ ਜਾਂਦੀ। ਕਿਸੇ ਨੂੰ ਆਪ ਦੇ ਕੇ ਬੈਂਕ ਵਿਚ ਜਮ੍ਹਾਂ ਪੂੰਜੀ ਵਾਂਗ ਪਹਿਲਾਂ ਕਿਸੇ ਨੂੰ ਦੇ ਕੇ ਫੇਰ ਹੀ ਹਾਸਲ ਕੀਤੀ ਜਾ ਸਕਦੀ ਹੈ। ਵੈਨਕੂਵਰ ਦੀ ਨਿਰਮਲਾ ਆਖਦੀ ਹੈ ਕਿ ਇੰਡੀਆ ਮੈਂ ਸੁਣਦੀ ਸੀ ਕਿ ਸਰੀਰ ਮਰ ਜਾਂਦਾ ਹੈ ਆਤਮਾ ਜਿਉਂਦੀ ਰਹਿੰਦੀ ਹੈ।ਪਰ ਕੈਨੇਡਾ ਵਿਚ ਮੈਂ ਕਈਆਂ ਨੂੰ ਜਾਣਦੀ ਹਾਂ ਜਿਨ੍ਹਾਂ ਦੀ ਆਤਮਾ ਤਾਂ ਮਰੀ ਹੋਈ ਹੈ ਪਰ ਬੰਦੇ ਤੁਰੇ ਫਿਰਦੇ ਨੇ। ਨਿੱਕਾ ਆਖਦਾ ਹੈ ਕੈਨੇਡਾ ਦੇ ਅਸੂਲ ਬੜੇ ਸਖਤ ਨੇ, ਅੱਧੀ ਰਾਤ ਨੂੰ ਗੱਡੀ ਭਜਾਈ ਜਾਂਦੇ ਜਦੋਂ ਸੜਕ 'ਤੇ ਲਿਖਿਆ 'ਸਟਾਪ'ਪੜ੍ਹਦੇ ਹਾਂ ਤਾਂ ਗੱਡੀ ਰੋਕ ਲੈਂਦੇ ਹਾਂ। ਮੈਂ ਉਸ ਨੂੰ ਚੁਟਕਲਾ ਸੁਣਾਇਆ ਕਿ ਇੰਡੀਆ ਵਿਚ ਇਕ ਆਦਮੀ ਚਲਦੀ ਰੇਲ ਗੱਡੀ ਵਿਚ ਬਾਥਰੂਮ ਅੰਦਰ ਗਿਆ। ਉੱਥੇ ਲਿਖਿਆ ਸੀ, ''ਇਹ ਗੱਡੀ ਤੁਹਾਡੀ ਹੈ, ਇਸ ਨੂੰ ਸਾਫ਼ ਰੱਖੋ ''ਉਸ ਆਦਮੀ ਨੇ ਬਾਥਰੂਮ ਅੰਦਰਲਾ ਸ਼ੀਸ਼ਾ ਉਤਾਰ ਕੇ ਲਿਖ ਦਿੱਤਾ,''ਆਪਣੇ ਹਿੱਸੇ ਦੀ ਗੱਡੀ ਮੈਂ ਆਪਣੇ ਨਾਲ਼ ਲੈ ਚੱਲਿਆ ਹਾਂ।'' ਠੀਕ ਇਸ ਤਰ੍ਹਾਂ ਹਰ ਆਦਮੀ ਆਪੋ ਆਪਣੇ ਵਿੱਤ ਅਨੁਸਾਰ ਗੱਡੀ ਦੇ ਡੱਬੇ ਨੂੰ ਹੀ ਨਹੀਂ, ਪੂਰੇ ਦੇਸ਼ ਨੂੰ ਭੋਰ-ਭੋਰ ਕੇ ਆਪੋ ਆਪਣੇ ਕਬਜ਼ੇ ਹੇਠ ਕਰਨ ਦੀ ਠਾਣੀ ਫਿਰਦਾ ਹੈ। ਮੈਂ ਕੈਨੇਡਾ ਬੱਬੀ ਨੂੰ ਪੁੱਛਿਆ - ਕੀ ਫ਼ਰਕ ਹੈ ਆਪਣੇ ਤੇ ਏਸ ਮੁਲਕ ਦਾ, ਤਾਂ ਉਸ ਨੇ ਇਕ ਸਤਰਾ ਜਵਾਬ ਦਿੱਤਾ - ਇੰਡੀਆ ਵਿਚ ਕੋਈ ਸਿਸਟਮ ਨਹੀਂ, ਏਥੇ ਬਸ ਸਿਸਟਮ ਹੀ ਸਿਸਟਮ ਹੈ।

ਸੰਘਾ ਦੱਸ ਰਿਹਾ ਸੀ ਬਈ ਪੰਜਾਬ ਵਿਚ ਸੜਕ 'ਤੇ ਤੁਰਦਾ ਆਦਮੀ ਡਰਦਾ ਹੈ, ਕਿਤੇ ਭੱਜੀ ਜਾਂਦੀ ਕਾਰ ਹੇਠ ਈ ਨਾ ਆ ਜਾਵਾਂ। ਪਰ ਕੈਨੇਡਾ ਵਿਚ ਕਾਰ ਸਵਾਰ ਡਰਦਾ ਹੈ ਕਿਤੇ ਤੁਰਿਆ ਜਾਂਦਾ ਆਦਮੀ ਕਾਰ ਹੇਠ ਨਾ ਆ ਜਾਵੇ। ਪੰਜਾਬ ਵਿਚ ਰੋਟੀ ਖਾਂਦੇ ਸੀ ਜਦ ਮਿਲਦੀ ਸੀ, ਪਰ ਏਥੇ ਰੋਟੀ ਖਾਂਦੇ ਹਾਂ ਜਦ ਵਿਹਲ ਮਿਲਦੀ ਹੈ। ਪੰਜਾਬ ਵਿਚ ਬਿਨਾ ਮਿਣੇ ਤੋਂ ਸੌਂ ਲਈਦਾ ਸੀ, ਪਰ ਏਥੇ ਸਾਰਾ ਕੈਨੇਡਾ ਅਣਸਰਦੇ ਨੂੰ ਹੀ ਸੌਂਦਾ ਹੈ। ਪੰਜਾਬ ਵਿਚ ਜੇ ਅਸੀਂ ਬੇਲੀਆਂ ਨਾਲ਼ ਰਲ਼ ਕੇ ਖੇਡਣ ਭੱਜਦੇ ਸੀ ਤਾਂ ਘਰ ਦੇ ਸਾਡੀ ਗਰਦ ਝਾੜਦੇ ਸੀ ਪਰ ਏਥੇ ਅਸੀਂ ਆਪਣੇ ਬੱਚਿਆਂ ਨੂੰ ਭੱਜ-ਭੱਜ ਪੈਂਦੇ ਹਾਂ ਕਿ ਕਦੇ ਤਾਂ ਨਾਲ਼ ਦਿਆਂ ਨਾਲ਼ ਰਲ਼ ਕੇ ਖੇਡ ਲਵੋ। ਇਉਂ ਅਸੀਂ ਸਭ, ਜੋ ਸਾਡੇ ਕੋਲ਼ ਹੁੰਦਾ ਹੈ, ਉਸ ਨੂੰ ਗੌਲਣ ਦੀ ਥਾਂ ਜੋ ਨਹੀਂ ਹੁੰਦਾ, ਉਸ ਵੱਲ ਨੂੰ ਅਹੁਲ਼ਦੇ ਹਾਂ। ਮਰਨ ਤੋਂ ਪਹਿਲਾਂ ਰੱਜ ਕੇ ਜੀਅ ਲੈਣ ਨੂੰ ਸਭ ਦਾ ਮਨ ਕਰਦਾ ਹੈ।

ਜਦੋਂ ਵਿਦੇਸ਼ੀਂ ਵਸਿਆਂ ਦੀਆਂ ਕਿਸ਼ਤਾਂ ਭਰਦਿਆਂ ਕਿਸ਼ਤਾਂ ਵਰਗੀ ਜੂਨ ਵੇਖਦੇ ਹਾਂ ਮਨ ਆਪਣੇ ਇਸ ਹਾਸਲ 'ਤੇ ਸੰਤੁਸ਼ਟ ਹੋ ਜਾਂਦਾ ਹੈ। ਲਿਖੀ ਸਤਰ ਦੀਆਂ ਖਾਲੀ ਥਾਵਾਂ ਭਰਨ ਜੋਗੀ ਜ਼ਿੰਦਗੀ ਜਿਉਂਦੇ ਉਨ੍ਹਾਂ ਲੋਕਾਂ 'ਤੇ ਤਰਸ ਆਉਂਦਾ ਹੈ। ਕਦੇ ਕਿਹਾ ਗਿਆ ਸੀ ਨਾਨਕ ਦੁਖੀਆ ਸਭ ਸੰਸਾਰ, ਪਰ ਹੁਣ ਕਈ ਲੋਕ ਇਸ ਤੋਂ ਅਗਲੀ ਸਤਰ ਪੂਰਦੇ ਆਖਦੇ ਹਨ- ਸੋ ਸੁਖੀਆ ਜੋ ਘਰੋਂ ਬਾਹਰ। ਪਰ ਜੇ ਮਨ ਪਰਦੇਸੀ ਹੋ ਜਾਏ ਤਾਂ ਹਰ ਥਾਂ ਹੀ ਆਪਣਾ ਹੋ ਜਾਂਦਾ ਹੈ।

## ਇਹ ਕਲਮਾਂ ਗਾਉਂਦੀਆਂ ਨੇ

# ਗੀਤਕਾਰੀ ਤੇ ਗਾਇਕੀ ਦੇ ਬੁਲੰਦ ਸਿਤਾਰੇ




ਕਾਲਾ ਸਿੰਘ ਸੈਣੀ,
(99882-80386)

ਪੰਜਾਬ ਦੀ ਧਰਤੀ ਲੋਕ ਗੀਤਾਂ ਦਾ ਪ੍ਰਕਾਸ਼ ਵੰਡਣ ਵਾਲੀ ਧਰਤੀ ਹੈ। ਚੇਤਿਆਂ ’ਚ ਵਸਦੇ ਲੋਕ ਗੀਤ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਦੇ ਹਨ। ਪੁਰਾਤਨ ਸਮੇਂ ਤੋਂ ਹੀ ਦਿਲਾਂ ਨੂੰ ਟੂੰਬਦਾ ਗੀਤ,ਸੰਗੀਤ ਦਾ ਰੰਗ ਸਤਰੰਗੀ ਪੀਂਘ ਬਣ ਲੋਕ ਮਨਾਂ ’ਚ ਵਸਦਾ ਆ ਰਿਹਾ ਹੈ। ਕਲਮਾਂ ਹਮੇਸ਼ਾਂ ਹੀ ਸਮਾਜ ਸਿਰਜਦੀਆਂ ਨੇ। ਹੱਥਲੇ ਲੇਖ ਰਾਹੀ ਗੀਤ,ਸੰਗੀਤ ਨੂੰ ਅੰਤਾਂ ਦਾ ਪਿਆਰ ਕਰਨ ਵਾਲੇ ਪਾਠਕਾਂ ਦੀ ਉਨ੍ਹਾਂ ਸ਼ਖਸ਼ੀਅਤਾਂ ਦੇ ਗੀਤਕਾਰੀ ਅਤੇ ਗਾਇਕੀ ਦੇ ਸ਼ਾਨਾਦਰ ਸਫ਼ਰ ਤੇ ਚਾਨਣਾਂ ਪਾਉਂਦੇ ਹਾਂ। ਜਿਨ੍ਹਾਂ ਗੀਤ,ਸੰਗੀਤ ਦੇ ਖੇਤਰ ਵਿੱਚ ਆਪਣੀ ਨਿੱਗਰ ’ਤੇ ਮਿਆਰੀ ਸੋਚ ਵਾਲੀ ਕਲਮ ਨਾਲ ਬਤੌਰ ਗੀਤਕਾਰੀ ਤੇ ਗਾਇਕੀ ਨਾਲ ਪ੍ਰੀਤਾਂ ਪਾ ਕੇ ਵਿਲੱਖਣ ਪਛਾਣ ਬਣਾਈ ਹੈ।

**ਲੋਕ ਗਾਇਕ ਸ਼੍ਰੀ ਲਾਲ ਚੰਦ ਯਮਲਾ ਜੱਟ**

ਤੂੰਬੀ ਦੇ ਬਾਦਸ਼ਾਹ ਵਜੋਂ ਪਛਾਣ ਬਣਾਉਣ ਵਾਲੇ ਉਸਤਾਦ ਲੋਕ ਸ੍ਰੀ ਲਾਲ ਚੰਦ ਯਮਲਾ ਜੱਟ ਹੋਰਾਂ ਦਾ ਪਰਿਵਾਰ ਦੇਸ਼ ਦੀ ਵੰਡ ਦੌਰਾਨ ਜਵਾਹਰ ਨਗਰ ਲੁਧਿਆਣਾ ਵਿਖੇ ਆ ਵਸਿਆ। ਲਾਲ ਚੰਦ ਯਮਲਾ ਜੱਟ ਦੀ ਮੁੱਢਲੀ ਜ਼ਿੰਦਗੀ ਬੇਹੱਦ ਸੰਘਰਸ਼ ਭਰੀ ਰਹੀ ਹੈ। ਪ੍ਰਸਿੱਧ ਸ਼ਾਇਰ ਸੁੰਦਰ ਦਾਸ ਅਰਸੀ ਨਾਲ ਹੋਈ ਮੁਲਾਕਾਤ ਨੇ ਲਾਲ ਚੰਦ ਨੂੰ ਯਮਲਾ ਜੱਟ ਦਾ ਨਾਮ ਦਿੱਤਾ। ਗੀਤ,ਸੰਗੀਤ ਦੇ ਖੇਤਰ ’ਚ ਉਨ੍ਹਾਂ ਬਤੌਰ ਗੀਤਕਾਰ ’ਤੇ ਗਾਇਕ ਵਜੋਂ ਤਮਾਮ ਸੁਪਰ ਹਿੱਟ ਲੋਕ ਗੀਤ ਪੰਜਾਬੀਆਂ ਦੀ ਝੋਲੀ ਪਾਏ



ਉਨ੍ਹਾਂ ਦੇ ਗਾਏ ਗੀਤਾਂ ਦੇ ਬੋਲ ‘ਦੱਸ ਮੈਂ ਕਿ ਪਿਆਰ ਵਿੱਚੋਂ ਖੱਟਿਆ’,ਸਤਿਗੁਰ ਨਾਨਕ ਤੇਰੀ ਲੀਲਾ ਨਿਆਰੀ ਐ’,‘ਵਿਸਕੀ ਦੀ ਬੋਤਲ ਵਰਗੀ’,‘ਜੱਗ ਦਿਆਂ ਚਾਨਣਾਂ ਤੂੰ ਮੁੱਖ ਨਾਲ ਲੁਕਾਵੇ’,‘ਮੈਂ ਤੇਰੀ ਤੂੰ ਮੇਰਾ’,‘ਪੂਰਨ ਭਗਤ’,‘ਨਾਮ ਸਾਂਈ ਦਾ ਬੋਲ’,‘ਫੁੱਲਾਂ ਮਹਿਕ ਨੂੰ ਸੰਭਾਲ’,‘ਜਿਹਨਾਂ ਕੀਤੀ ਨਾ ਕਮਾਈ ਉਨ੍ਹਾਂ ਰੱਜ ਕੇ ਕੀ ਖਾਣਾ’,‘ਚਿੱਟਾ ਹੋ ਗਿਆ ਲਹੂ’, ਆਦਿ ਤੋਂ ਇਲਾਵਾ ਗਾਇਕਾ ਮਹਿੰਦਰਜੀਤ ਕੌਰ ਸੇਖੋਂ ਨਾਲ ਰਿਕਾਰਡ ਕਰਵਾਏ ਦੋਗਾਣੇ ‘ਦੋ ਤਾਰਾ ਵਜਦਾ ਵੇ’,‘ਜਗਤੇ ਨੂੰ ਛੱਡ ਕੇ ਭਗਤੇ ਨੂੰ ਕਰ ਲੈ’,ਭਾਈ ਵੇ ਪਤਾਸਿਆ ਰੂੰ ਪਿੰਜਦੇ’,‘ਜ਼ਿੰਦ ਪੈ ਗਈ ਗਮਾਂ ਦੇ ਵਿੱਚ’,ਅੱਜ ਵੀ ਦਿਲਾਂ ਨੂੰ ਟੂੰਬਦੇ ਹਨ। ਭਾਵੇਂ ਸਰੀਰਕ ਪੱਖੋਂ ਸਦੀਵੀ ਵਿਛੋੜਾ ਦੇ ਗਏ ਪਰ ਉਨ੍ਹਾਂ ਦੀ ਗੀਤਕਾਰੀ ਤੇ ਗਾਇਕੀ ਨੂੰ ਸੁਣਨ ਵਾਲਿਆਂ ਦਾ ਘੇਰਾ ਅੱਜ ਵਿਸ਼ਾਲ ਹੈ।

**ਪਾਲੀ ਦੇਤਵਾਲੀਆ**


ਗੀਤ,ਸੰਗੀਤ ਨੂੰ ਅੰਤਾਂ ਦਾ ਪਿਆਰ ਕਰਨ ਵਾਲੇ ਲੋਕ ਗਾਇਕ ਪਾਲੀ ਦੇਤਵਾਲੀਆਂ ਦਾ ਜਨਮ ਲੁਧਿਆਣਾ ਜਿਲ੍ਹੇ ਪਿੰਡ ਦੇਵਵਾਲ ਵਿਖੇ ਮਾਤਾ ਭਗਵੰਤ ਕੌਰ ਤੇ ਪਿਤਾ ਨਰਾਇਣ ਸਿੰਘ ਦੇ ਘਰ ਜਨਮ ਹੋਇਆ। ਉਸ ਦਾ ਘਰ ਦਾ ਨਾਮ ਪ੍ਰੀਤਪਾਲ ਸਿੰਘ ਹੈ। ਲੰਮੀਂ ਘਾਲਣਾ ਘਾਲ ਕੇ ਉਸ ਨੇ ਲੰਮਾਂ ਪੈਂਡਾ ਤਹਿ ਕਰਦਿਆਂ ਆਪਣੇ ਆਪ ਨੂੰ ਸਥਾਪਿਤ ਕੀਤਾ ਹੈ। ਬਤੌਰ ਗੀਤਕਾਰ ਉਸ ਨੇ ਪੰਜਾਬੀ ਮਾਂ-ਬੋਲੀ ਦੇ ਸਪੁੱਤਰ ਵਜੋਂ ਹਮੇਸਾਂ ਹੀ ਪਰਿਵਾਰਕ ਗੀਤ ਹੀ ਪੰਜਾਬੀਆਂ ਦੀ ਝੌਲੀ ਪਾਏ ਹਨ। ਸ਼੍ਰੋਮਣੀ ਗਾਇਕ ਦੇ ਨਾਲ-ਨਾਲ ਪਾਲੀ ਦੇਤਵਾਲੀਆ ਪਰਿਵਾਰਕ ਲੋਕ ਗੀਤਾਂ ਦੇ ਵਣਜਾਰੇ ਵਜੋਂ ਵੀ ਲੋਕ ਮਨ੍ਹਾ ’ਚ ਵਸਦਾ ਹੈ। ਸੱਭਿਆਚਾਰ,ਪੰਜਾਬੀਅਤ, ਪੁਰਾਤਨ ਵਿਰਸੇ ਅਤੇ ਸੱਚੇ ਸੁੱਚੇ ਰਿਸ਼ਤਿਆਂ ਦੀ ਆਪਣੀ ਟੁਣਕਦੀ ਆਵਾਜ਼ ਵਿੱਚ ਬਾਤ ਪਾਉਣ ਵਾਲਾ ਗੀਤਕਾਰ ’ਤੇ ਗਾਇਕ ਹੈ ਪਾਲੀ ਦੇਤਵਾਲੀਆ। ਉਸ ਦੀਆਂ ਹੁਣ ਤੱਕ18-20 ਧਾਰਮਿਕ ਕੈਸੇਟਾਂ ਤੋਂ ਇਲਾਵਾ ਵਿਰਸੇ ਦੀ ਮਹਿਕ ਵੰਡਦੇ 200 ਦੇ



ਕਰੀਬ ਲੋਕ ਗੀਤ ਰਿਕਾਰਡ ਕਰਵਾਏ ਹਨ। ਸੰਗੀਤ ਪ੍ਰੇਮਿਆਂ ਦੀ ਝੋਲੀ ਪਾਇਆ 70-80 ਕੇ ਕਰੀਬ ਕੈਸੇਟਾਂ ਵਿੱਚਲੇ ਗੀਤ ‘ਮਾਂਵਾਂ ਤੇ ਧੀਆਂ ਵਰਗਾ ਰਿਸ਼ਤਾ ਕੋਈ ਹੋਰ ਨੀਂ’,‘ਆਉਣ ਪੇਕਿਆਂ ਤੋਂ ਠੰਡੀਆਂ ਹਵਾਵਾਂ ਵੀਰ ਮੇਰੇ ਰਹਿਣ ਵੱਸਦੇ’,‘ਪੁੱਤ ਜਿਨਾਂ ਦੇ ਪ੍ਰਦੇਸ਼ੀ ਕਰਮਾਂ ਵਾਲਿਆਂ ਮਾਵਾਂ ਨੇ’,‘ਪੁੱਤਾਂ ਤਾਈਂ ਜਿਊਣ ਜੋਗੇ ਕਹਿਣ ਵਾਲਿਓ ਕਦੇ ਧੀਆਂ ਨੂੰ ਵੀ ਕਿਹਾ ਕਰੋ ਜਿਊਣ ਜੋਗੀਆਂ’,‘ਧੀਆਂ ਦੇਣ ਦੁਹਾਈ’,ਕਾਹਦਾ ਸ਼ਹਿਰ ਵਿੱਚ ਜੀਣਾ ਪਾਣੀ ਮੁੱਲ ਲੈ ਕੇ ਪੀਣਾ’,‘ਚਾਲੀ ਪਿੰਡਾਂ ਦੀ ਜ਼ਮੀਨ ਲੁਧਿਆਣਾ ਖਾ ਗਿਆ’, ‘ਰੁੱਖਾਂ ਤੇ ਕੁੱਖਾਂ ਨੂੰ ਬਚਾਓ ਵੀਰਨੋਂ’,‘ਮਿਲੇ ਨਾ ਨਜ਼ਾਰਾ ਠੰਡੀ ਛਾਂ ਵਰਗਾ’, ਆਦਿ ਲੋਕ ਗੀਤਾਂ ਹਮੇਸ਼ਾਂ ਹੀ ਰਿਸ਼ਤਿਆਂ ਦੀ ਬਾਤ ਪਾਉਂਦੇ ਹਨ।

**ਦੀਦਾਰ ਸੰਧੂ**

ਬਤੌਰ ਗੀਤਕਾਰ ਅਤੇ ਗਾਇਕ ਦੀਦਾਰ ਸੰਧੂ ਨੂੰ ਪਿਆਰ ਕਰਨ ਵਾਲਿਆਂ ਦਾ ਘੇਰਾਂ ਵਿਸ਼ਾਲ ਹੈ। ਉਸ ਨੇ ਪਹਿਲਾ ਗੀਤ ਗਾਇਕਾ ਸੁਨੇਹ ਲਤਾ ਨਾਲ ‘ਪਿੰਡ ਦਿਆਂ ਮੁੰਡਿਆਂ ਨੂੰ ਸਾਨੂੰ ਦੇਖਕੇ ਨੀਂਦ ਨਾ ਆਵੇ’ ਨਾਲ ਬਤੌਰ ਗਾਇਕ ਸਫ਼ਰ ਦੀ ਸ਼ੁਰੂਆਤ ਕੀਤੀ। ‘ਵੇ ਨਾ ਮਾਰ ਜਾਲਮਾਂ ਵੇ ਪੇਕੇ ਤਤੜੀ ਦੇ ਦੂਰ’,ਫਾਟਕ ਕੋਟਕਪੂਰੇ ਦਾ’,‘ਸੌਂ ਤੇਰੀ ਸਾਕ ਲਿਆਦੇ ਭਾਬੀ’,‘ਜਲ ਤੇ ਫੁੱਲ ਤਰਦਾ’,‘ਜੇਠ ਲਿਆਇਆ ਨੀਂ ਦਿਲੀਓ ਸੁਰਮੇ ਦਾਨੀ’,ਪੁੰਨਿਆ ਦੀ ਰਾਤ ਵਰਗੀ’,ਉੱਠਦਾ ਪੈਗ ਮੰਗਦਾ ਦਾਰੂ ਦਾ’,‘ਮੂੰਹ ਧੋਦੀਂ ਨੂੰ ਆਸਕ ਸਜਦਾ ਕਰਦੇ ਦੇਖੇ ਮੈਂ’, ‘ਤੇਰਾ ਉੱਡੇ ਡੋਰੀਆ ਮਹਿਲਾਂ





ਵਾਲੇ ਘਰ ਨੀਂ’,‘ਜਲ ਤੇ ਫੁੱਲ ਤਰਦਾ’,‘ਮੇਰਾ ਕੱਲ ਦਾ ਕਾਲਜਾ ਦੁੱਖਦਾ ਵੇ’,‘ਲੈ ਚੱਲ ਮੁੰਡੀਆ ਨਾਲ’,‘ਘੱਗਰੇ ਦੀ ਵੇ ਲੌਣ ਭਿੱਜ ਗਈ..’, ‘ਇਹ ਕਿਹੜਾ ਅਲਜਬਰਾ ਜਿਹੜਾ ਮੈਨੂੰ ਆਉਂਦਾ ਨੀਂ’,‘ਮੇਰਾ ਬੋਤਲ ਵਰਗਾ ਗਲ ਵੇ,ਤੇਰਾ ਉੱਡੇ ਡੋਰੀਆਂ ਮਹਿਲਾਂ ਵਾਲੇ ਘਰ ਨੀਂ’ ਆਦਿ ਤਮਾਮ ਲੋਕ ਗੀਤਾਂ ਨੂੰ ਰੱਜਵਾਂ ਪਿਆਰ ਮਿਲ ਰਿਹਾ ਹੈ। ਉਨ੍ਹਾਂ ਦੇ ਤੁਰ ਜਾਣ ਦਾ ਦਰਦ ਅੱਜ ਵੀ ਦਰਸ਼ਕਾਂ ਅਤੇ ਸਰੋਤਿਆਂ ਦੇ ਦਿਲਾਂ ’ਚ ਹੈ।

**ਜਸਵੰਤ ਸੰਦੀਲਾ**


ਸੰਗੀਤ ਨੂੰ ਵਪਾਰਕ ਪੱਖੋਂ ਮੁਨਾਫ਼ੇ ਦੀ ਮੰਡੀ ਸਮਝਣ ਵਾਲਿਆਂ ਲਈ ਜਸਵੰਤ ਸੰਦੀਲੇ ਦੀ ਲੇਖਣੀ ਤੇ ਗਾਇਕੀ ਵੰਗਾਰ ਵਾਂਗ ਖੜੀ ਹੈ। ਹਰ ਸਮੇਂ ਤਿਆਰ ਵਰ ਤਿਆਰ ਪੋਚਵੀ ਪੱਗ, ਖੂੰਡੀਆਂ ਮੁੱਛਾਂ,ਹੱਸਮੁੱਖ ਸੁਭਆ ਦਾ ਮਾਲਿਕ ਜਸਵੰਤ ਸੰਦੀਲਾ ਗੀਤਕਾਰੀ ਅਤੇ ਗਾਇਕੀ ਦਾ ਚੜ੍ਹਦਾ ਸੂਰਜ ਹੈ।



ਤਰਨਤਾਰਨ ਜਿਲ੍ਹੇ ਦੇ ਪਿੰਡ ਫ਼ਤਿਹਆਂਬਾਦ ਦੇ ਜੰਮਪਲ ਜਸਵੰਤ ਸੰਦੀਲੇ ਸਭ ਤੋਂ ਪਹਿਲਾ ਗੀਤਕਾਰੀ ਦੇ ਖੇਤਰ ’ਚ ਕਲਮ ਵਾਹੁੰਦੇ ਹੋਏ ਗੀਤਕਾਰ ਪਛਾਣ ਬਣਾਈ ਹੈ। ਉਸ ਦੀ ਕਲਮ ਦੇ ਉਪਜ ਸੋਲੋ ਤੇ ਦੋਗਾਣੇ ਲੋਕ ਗੀਤ ਪੰਜਾਬ ਦੇ ਮਕਬੂਲ ਗਾਇਕ ਤੇ ਗਾਇਕਾਵਾਂ ਨੇ ਰਿਕਾਰਡ ਕਰਵਾਏ ਹਨ। ਬਤੌਰ ਗਾਇਕ ਜਸਵੰਤ ਸੰਦੀਲਾ ਨੇ 1982 ’ਚ ‘ਗੀਤਾਂ ਭਰੀ ਕਹਾਣੀ’ ਐੱਲਪੀ ਰਿਕਾਰਡ ਨਾਲ ਕਦਮ ਰੱਖਿਆ। ‘ਬੋਸਕੀ ਵਰਗੀ ਕੁੜੀ ਮੁੰਡੇ ਤੇ ਆਸ਼ਿਕ ਹੋ ਗਈ’, ‘ਔਖੀ ਹੋ ਗਈ ਕੰਧ ਟੱਪਣੀ’,ਅੱਖ ਦਾ ਹੁੰਗਾਰਾਂ’,‘ਅੱਡੇ ਉੱਤੇ ਸੱਜਣ ਖੜ੍ਹੇ’,‘ਵੈਲੀ ਬੰਦਾ’,‘ ‘ਪੈਸਾ ਕਾਂ ਬਨੇਰੇ ਦਾ’,ਆਨੇ ਵਾਲੀ ਥਾਂ’, ਗੀਤਾਂ ਨਾਲ ਮੇਲਿਆਂ ਦੀ ਸ਼ਾਨ ਹੈ। ਐੱਲ.ਪੀ.ਰਿਕਾਰਡ ਤੋਂ ਕੈਸੇਟ ਕਲਚਰ ਤੋਂ ਹੁੰਦੇ ਹੋਏ ਯੂਟਿਊਬ ਦੇ ਯੁੱਗ ਦਾ ਸੋਲੋ ਤੇ ਦੋਗਾਣੇ ਗੀਤਾਂ ਦਾ ਵਣਜਾਰਾ ਹੈ।

**ਅਮਰ ਸਿੰਘ ਚਮਕੀਲਾ**

ਲੁਧਿਆਣੇ ਜਿਲੇ ਦੇ ਪਿੰਡ ਦੁਗਰੀ ਦਾ ਜੰਮਪਲ ਧਨੀ ਰਾਮ ਪੰਜਾਬੀ ਸੋਲੋ ਤੇ ਦੋਗਾਣਾ ਗਾਇਕੀ ਦੇ ਖੇਤਰ ’ਚ ਅਮਰ ਸਿੰਘ ਚਮਕੀਲਾ ਇੱਕ ਅਲੱਗ ਪਛਾਣ ਨਾਲ ਜਾਣਿਆ ਜਾਂਦਾ ਹੈ। ਅਮਰ ਸਿੰਘ ਚਮਕੀਲੇ ਨੇ ਬਤੌਰ ਗੀਤਕਾਰ ਤੇ ਗਾਇਕ ਵਜੋਂ ਅਮਿੱਟ ਪੈੜਾਂ ਪਾਇਆ ਹਨ। ਉਸ ਨੇ ਬਤੌਰ ਗੀਤਕਾਰ ਸੁਰਿੰਦਰ ਛਿੰਦਾ ਤੇ ਸੁਰਿੰਦਰ ਸੋਨੀਆ ਦੇ ਰਿਕਾਰਡ ਗੀਤ ‘ਨੀਂ ਮੈਂ ਡਿੱਗੀ ਤਿਲਕ ਕੇ’,‘ਜੇਠ ਗੂਗਲ ਦੀ ਧੂਣੀ’, ਨਾਲ ਆਗਾਜ਼ ਕੀਤਾ। ਉਸ ਨੇ ਹਿੱਟ ਦੋਗਾਣਾ ਗੀਤ ‘ਟੱਕੂਏ ਤੇ ਟੱਕੂਆ ਖੜਕੇ’ ਨਾਲ ਅਜਿਹੀ ਉਡਾਰੀ ਭਰੀ ਕਿ ਉਸ ਦੀ ਗਾਇਕੀ ਦਿਨੋਂ-ਦਿਨ ਅਸਮਾਨ ਛੂਹਣ ਲੱਗ ਪਈ। ਅਮਰ ਸਿੰਘ ਚਮਕੀਲਾ ਤੇ ਬੀਬਾ ਅਮਰਜੋਤ ਕੌਰ ਨੇ ਜੋ ਰਿਕਾਰਡ ਕਾਇਮ ਕੀਤੇ ਉਹ ਕਿਸੇ ਤੋਂ ਛੁਪਾਇਆ ਨਹੀਂ ਜਾ ਸਕਦਾ। ਉਸ ਨੇ ਗੀਤਕਾਰ ਤੇ ਗਾਇਕ ‘ਚੱਲ ਲੋ



ਡਰਾਇਵਰੋਂ ਪੁਰਜੇ ਨੂੰ’,‘ਪਟੂਆ ਪੱਟਣ ਨੂੰ ਫਿਰਦਾ’,‘ਸੰਤਾਂ ਨੇ ਪਾਈ ਫੇਰੀ’ ਕੀ ਜੋਰ ਗਰੀਬਾਂ ਦਾ’,‘ਮਿੱਤਰਾਂ ਦੇ ਨਾਲ ਧੋਖਾ ਨੀਂ ਕਮਾਈ ਦਾ’,‘ਚੱਕਾ ਜਾਮ ਕਰਤਾ’,‘ਜਿਹਨੇ ਲਾਲ ਪਰੀ ਨਾ ਪੀਤੀ’,ਗੱਡੀ ਤੇ ਲਿਖਾਲੈ ਮੇਰਾ ਨਾ ਮਿੱਤਰਾ’,ਆਦਿ ਤਮਾਮ ਹਿੱਟ ਗੀਤਾਂ ਤੋਂ ਇਲਾਵਾ ਧਾਰਮਿਕ ਕੈਸੇਟਾ ’ਨਾਮ ਜੱਪ ਲੈ’,ਬਾਬਾ ਤੇਰਾ ਨਨਕਾਣ’ ਸੰਗੀਤ ਪ੍ਰੇਮਿਆਂ ਦੀ ਝੋਲੀ ਪਾਇਆ। ਉਸ ਨੇ ਪੰਜਾਬੀ ਫਿਲਮ ਪਟੋਲਾ ’ਚ ‘ਪਹਿਲੇ ਲਲਕਾਰੇ ਨਾਲ’ ਨਾਲ ਐਂਟਰੀ ਮਾਰੀ। ਮਰਹੂਮ ਗੀਤਕਾਰ ’ਤੇ ਗਾਇਕ ਅਮਰ ਸਿੰਘ ਚਮਕੀਲਾ ਤੇ ਬੀਬਾ ਅਮਰਜੋਤ ਨਾਲ ਜੋੜੀ ਦਾ ਨਾਮ ਰਹਿੰਦੀ ਦੁਨੀਆਂ ਤੱਕ ਸੰਗੀਤ ਦੀ ਦੁਨੀਆਂ ਤੱਕ ਰਹੇਗਾ।

**ਗੁਰਦਾਸ ਮਾਨ**

ਪੰਜਾਬੀਆਂ ਦੇ ਦਿਲਾਂ ਦੀ ਧੜਕਣ ਪੰਜਾਬ ਦਾ ਮਾਣ ਗੁਰਦਾਸ ਮਾਨ ਨੂੰ ਵੀ ਆਪਣੇ ਲਿਖੇ ਗੀਤਾਂ ਨੂੰ ਹੀ ਰਿਕਾਰਡ ਕਰਵਾਉਣ ਦਾ ਮਾਣ ਹਾਸਿਲ ਹੈ। ਪੰਜਾਬੀ ਮਾਂ-ਬੋਲੀ ਨੂੰ ਅੰਤਾਂ ਦਾ ਪਿਆਰ ਕਰਨ ਵਾਲੇ ਗੁਰਦਾਸ ਮਾਨ ਨੇ ਬਤੌਰ ਗੀਤਕਾਰ ਤੇ ਗਾਇਕ ਤਮਾਮ ਹਿੱਟ ਲੋਕ ਗੀਤ ਦਰਸ਼ਕਾਂ-ਸਰੋਤਿਆਂ ਦੀ ਝੋਲੀ ਪਾਏ ਹਨ। ਜਿਵੇਂ ਕਿ ‘ਦਿਲ ਦਾ ਮਾਮਲਾ’,‘ਛੱਲਾ’,‘ਪੀੜ੍ਹ ਤੇਰੇ ਜਾਣ ਦੀ’,‘ਦਿਲ ਸਾਫ ਹੋਣਾ ਚਾਹੀਦਾ’,‘ਮੈਨੂੰ ਯਾਰ



ਮੇਰੇ ਜਾਪਦੇ ਖੁਦਾ ਵਰਗੇ’,ਵੰਗਾਂ ਲੈ ਲੋ ਵੰਗਾਂ’,‘ਸਾਡੀ ਜੁਤੀ ਦੀਆਂ ਨੋਕਾਂ ਨੇ’,‘ਦੁਨੀਆਂ ਮੇਲਾ ਦੋ ਦਿਨਾਂ ਦਾ’,‘ਹੀਰ’,‘ਸਾਡਾ ਦਿਲ ਮੋੜ ਦੇ’,‘ਕਿ ਬੰਣੂ ਦੁਨੀਆਂ ਦਾ’,‘ਸੱਜਣਾ ਵੇ ਸੱਜਣਾ’,ਵਾਹ ਨੀਂ ਜਵਾਨੀਏ’,ਗੱਲ ਤੇਰੇ ਮਤਲਵ ਦੀ’,‘ਪਿੰਡ ਦੀ ਹਵਾ’,‘ਦਿਲ ਸਾਫ ਹੋਣਾ ਚਾਹੀਦਾ’,‘ਯਾਰਾਂ ਦੀ ਮਸੀਤ ਵੱਖਰੀ’,‘ਕੁੜੀਏ..’,‘ਘੱਗਰੇ ਦੀ ਵੇ ਲੌਣ ਭਿੱਜ ਗਈ’,‘ਚਿੰਤਾਂ ਨਾ ਕਰ ਯਾਰ’,‘ਲੱਗਿਆਂ ਨੇ ਮੌਜਾਂ’,‘ਮੈਂ ਹੀ ਝੂਠੀ’, ਆਦਿ ਤਮਾਮਸੁਪਰ ਹਿੱਟ ਲੋਕ ਗੀਤ ਦਿਲਾਂ ’ਚ ਧੜਕਣ ਹਨ। ਅਦਾਕਾਰੀ ਦੇ ਖੇਤਰ ਵਿੱਚ ਗੁਰਦਾਸ ਮਾਨ ਨੇ ਅਮਿੱਟ ਪੈੜਾਂ ਪਾਇਆ ਹਨ।

**ਦੇਬੀ ਮਖਸੂਸਪੁਰੀ**


ਉੱਘੇ ਗੀਤਕਾਰ, ਸ਼ਾਇਰ ਤੇ ਗਾਇਕ ਦੇਬੀ ਮਕਸੂਦਪੁਰੀ ਦਾ ਜਨਮ ਪਿੰਡ ਮਕਸੂਦਪੁਰ (ਹੁਸਿਆਰਪੁਰ) ਵਿਖੇ ਹੋਇਆ। ਖੇਡਾਂ ਦੇ ਖੇਤਰ ਤੋਂ ਉਨ੍ਹਾਂ ਗੀਤ,ਸੰਗੀਤ ਦੇ ਖੇਤਰ ‘ਚ ਕਦਮ ਰੱਖਿਆ। ਦੇਬੀ ਮਕਸੂਦਪੁਰੀ ਦੇ ਗੀਤ ਪੰਜਾਬ ਦੇ ਕਈ ਸ਼ੁਰੀਲੇ ਗਾਇਕਾਂ ਨੇ ਰਿਕਾਰਡ ਕਰਵਾਏ ਹਨ। ਬਤੌਰ ਗੀਤਕਾਰ,ਸ਼ਾਇਰ ਤੇ ਗਾਇਕ ਉਨ੍ਹਾਂ ਪਲੇਠੀ



ਕੈਸੇਟ ‘ਜਦ ਮਾਂ ਨਹੀਂ ਰਹਿੰਦੀ’ ਨਾਲ ਕਦਮ ਰੱਖਿਆ। ਉਸ ਦੀ ਕਲਮ ਦੇ ਉਪਜ ਗੀਤਾਂ ਦੇ ਬੋਲ ’ਤੇ ਸ਼ਾਇਰੀ ਦਰਸ਼ਕ-ਸਰੋਤਿਆਂ ਨੂੰ ਘੰਟਿਆਂ ਬੰਧੀ ਕੀਲ ਕੇ ਰੱਖਦੀ ਹੈ। ਉਸ ਦੇ ਅਨੇਕਾਂ ਹੀ ਹਿੱਟ ਗੀਤ ਅਤੇ ‘ਦੇਬੀ ਲਾਈਵ’ ਦਰਸ਼ਕਾਂ-ਸਰੋਤਿਆਂ ਨੇ ਆਪਣੇ ਦਿਲਾਂ ’ਚ ਸੰਭਾਲਕੇ ਰੱਖਿਆ ਹਨ। ‘ਉਹ ਜਿਹੜੇ ਮੁਲਕ ਵਿਆਹੀ’,‘ਗੱਲਾਂ ਸੱਚੀਆਂ ਹੀ ਕਰਨ ਸਿਆਣੇ’,‘ਇਸ਼ਕ ਦੀ ਮਹਿੰਦੀ’,‘ਕਈ ਗੱਲਾਂ ਤੇਰੇ ਨਾਲ ਕਰਨੀਆਂ’,‘ਮਹਿਬੂਬ’,ਆਦਿ ਅੱਜ ਵੀ ਮਹਿਕਾਂ ਵੰਡਦੇ ਹਨ।

**ਸਤਿੰਦਰ ਸਰਤਾਜ**

ਸੁਪਰ ਹਿੱਟ ਗੀਤਾਂ ਨਾਲ ਆਪਣੀ ਮਕਬੂਲੀਅਤ ਹਾਸਿਲ ਕਰਨ ਵਾਲੇ ਗੀਤਕਾਰ,ਸ਼ਾਇਰ, ਅਦਾਕਾਰ ਤੇ ਸੂਫੀ ਗਾਇਕ ਸਤਿੰਦਰ ਸਰਤਾਜ ਆਪਣੀ ਸਾਫ-ਸੁਥਰੀ ਗਾਇਕੀ ਨਾਲ ਗਾਇਕੀ ਦੇ ਅੰਬਰ ਤੇ ਅੱਜ ਕਿਸੇ ਖਾਸ ਜਾਣ ਪਛਾਣ ਦੀ ਮੁਹਤਾਜ ਨਹੀਂ ਹੈ। ਉਸ ਨੂੰ ਚਾਹੁਣ ਵਾਲੇ ਜਾਣਦੇ ਹਨ ਕਿ ਹਿੱਟ ਗੀਤ ‘ਸਾਂਈ’ ਤੋਂ ਲੈ ਕੇ ਉਨ੍ਹਾਂ ਦਾ ਹਰ ਗੀਤ ਦਰਸ਼ਕਾਂ-ਸਰੋਤਿਆਂ ਦੇ ਦਿਲਾਂ ਨੂੰ ਟੁੰਬਣ ਵਾਲਾ ਦਿੱਤਾ ਹੈ। ਉਸ ਦੇ ਗੀਤਾਂ ’ਚ ‘ਸਾਂਈ ਵੇ ਸਾਂਈ ਸਾਡੀ ਫਰਿਆਦ ਤੇਰੇ ਤਾਂਈ’,‘ਨਿੱਕੀ ਜਿਹੀ ਕੁੜੀ’,‘ਨਾ ਗੱਲ ਮੇਰੇ ਵਸ ਦੀ ਰਹੀ’,‘ਚੀਰੇ ਵਾਲਾ ਸਰਤਾਜ’,‘ਅੱਧੀ ਕਿਕ ਤੇ ਸਟਾਟ ਮੇਰਾ ਯਾਮਾਂ’,‘ਜਿੱਤ ਦੇ



ਨਿਸ਼ਾਨ’,‘ਹੁਣ ਦੇਰ ਨੀਂ ਦਿਲਾਂ ’ਚ’,‘ਇਹ ਸਾਡੇ ਤੇ ਰਹਿਣ ਦਿਓ’, ‘ਇਹ ਸਾਡੇ ਤੇ ਰਹਿਣ ਦਿਓ’,‘ਇੱਕ ਵਾਰੀ ਫੇਰ ਹੱਸ ਜਾ’,ਆਦਿ ਗੀਤ ਮਨਮੋਹਣੇ ਸੰਗੀਤ ਸੁਣਨ ਵਾਲਿਆਂ ’ਚ ਮੰਤਰ ਮੁਗਧ ਕਰ ਛੱਡਦੇ ਹਨ। ਸਤਿੰਦਰ ਸਰਤਾਜ ਦੀ ਸਟੇਜ ਪੇਸ਼ਕਾਰੀ ਨੂੰ ਦੇਖਣ ਤੇ ਸੁਣਨ ਵਾਲਿਆਂ ਦਾ ਘੇਰਾ ਵਿਸ਼ਾਲ ਹੈ। ਹੁਸਿਆਰਪੁਰ ਦੇ ਪਿੰਡ ਬਜਰਾਵਰ ਦੇ ਜੰਮਪਲ ਸਤਿੰਦਰ ਸਰਤਾਜ ਦੇ ਬੋਲਾਂ ’ਚ ਪੰਜਾਬੀ ਮਾਂ-ਬੋਲੀ ਦੀ ਅਮੀਰੀ ਝਲਕ ਦੀ ਹੈ।

ਗੀਤਕਾਰੀ ਤੇ ਗਾਇਕੀ ਦੇ ਅੰਬਰ ਤੇ ਚਮਕਦੇ ਸਿਤਾਰਿਆਂ ’ਚ ਮਰਹੂਮ ਗਾਇਕ ਤੇ ਗੀਤਕਾਰ ਸਿੱਧੂ ਮੂਸੇਵਾਲਾ,ਪੇਂਡੂ ਸਭਿਆਚਾਰ ਅਤੇ ਪਰਿਵਾਰਕ ਗੀਤਾਂ ਦੀ ਤਰਜਮਾਨੀ ਕਰਨ ਵਾਲਾ ਗਾਇਕ ਤੇ ਗੀਤਕਾਰ ਭਿੰਦੇ ਸ਼ਾਹ,ਪੰਜਾਬੀਆਂ ਦਾ ਮਾਣ ਬੱਬੂ ਮਾਨ,ਬਲਵੀਰ ਬੋਪਾਰਾਏ,ਸ਼ੈਰੀ ਮਾਨ, ਬੀਤ ਬਲਜੀਤ,ਹੈਪੀ ਰਾਏਕੋਟੀ,ਸ਼ੈਰੀ ਮਾਨ,ਆਤਮਾ ਸਿੰਘ ਬੁੱਢੇਵਾਲ,ਹਾਕਮ ਬੱਖਤੜੀ ਵਾਲਾ ਅਤੇ ਹੋਰ ਕਿੰਨੇ ਹੀ ਗੀਤਕਾਰ ਤੇ ਗਾਇਕ ਕਲਮ ਦੇ ਆਵਾਜ਼ ਦੇ ਧਨੀ ਗੀਤਕਾਰ ਤੇ ਗਾਇਕਾ ਦੇ ਨਾਮ ਸੰਗੀਤ ਦੇ ਅੰਬਰ ਨੂੰ ਛੂਹਦੇ ਹਨ।

ਲੇਖਕ ਵਲੋਂ ਹੱਥਲੇ ਲੇਖ ਨੂੰ ਸੰਪੂਰਨ ਕਰਦਿਆਂ ਸੰਗੀਤ ਜਗਤ ਦੇ ਹੋਰ ਵੀ ਕਈ ਸਿਤਾਰਾ ਰਹਿ ਗਏ ਹੋਣਗੇ। ਪਾਠਕਾਂ ਕੋਲੋਂ ਮੁਆਫੀ ਚਾਹੁੰਦੇ ਹਾਂ। ਪ੍ਰਮਾਤਮਾਂ ਅੱਗੇ ਇਹੋ ਦੁਆ ਹੈ ਕਿ ਉਹ ਹਮੇਸ਼ਾਂ ਹੀ ਅਮੀਰ ਪੰਜਾਬੀ ਸੱਭਿਆਚਾਰ ਵਿਰਸੇ ਦੀ ਬਾਤ ਪਾਉਂਦੇ ਗੀਤ ਲਿਖਦੇ ਰਹਿਣ ਅਤੇ ਗਾਉਂਦੇ ਰਹਿਣ।

# ਸਿਆਸਤਦਾਨੋ ! ਨ਼ਫਰਤ ਨਹੀਂ ਮੁਹੱਬਤ ਵੰਡੋ

**ਮੈਨੂੰ ਸੋਸ਼ਲ ਮੀਡੀਆ ’ਤੇ ਇਕ ਭਗਵਾਧਾਰੀ ਜੋਗੀਨੁਮਾ ਵਿਦਵਾਨ ਦੇ ਬੋਲ ਬੜੇ ਹੀ ਸਿਆਣਪ ਭਰੇ ਜਾਪੇ ਸਨ ਉਸਨੇ ਕਿਹਾ ਸੀ,“ਦੱਸੋ ਕਿ ਕਿਸੇ ਮੰਦਿਰ ਦੇ ਸਾਹਮਣੇ ਖਲੋ ਕੇ ‘ਜੈ ਸ਼੍ਰੀ ਰਾਮ’ ਦਾ ਜੈਕਾਰਾ ਲਗਾਉਣਾ ਸੋਭਾ ਦਿੰਦਾ ਹੈ ਜਾਂ ਫਿਰ ਕਿਸੇ ਮਸਜਿਦ ਸਾਹਮਣੇ ? ਜਦੋਂ ਜੈ ਸ੍ਰੀ ਰਾਮ ਦੇ ਨਾਅਰੇ ਦਾ ਮਹੱਤਵ ਅਤੇ ਸੰਬਧ ਹੈ ਹੀ ਮੰਦਿਰ ਅਤੇ ਹਿੰਦੂਆਂ ਦੀ ਆਸਥਾ ਨਾਲ ਤਾਂ ਫਿਰ ਅਸੀਂ ਮਸਜਿਦਾਂ ਸਾਹਮਣੇ ਐਸੇ ਨਾਅਰੇ ਗੂੰਜਾਅ ਕੇ ਨਫ਼ਰਤ ਕਿਉਂ ਸਿਰਜਦੇ ਹਾਂ ? ” ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਇਹ ਭੁੱਲ ਜਾਂਦੇ ਹਨ ਕਿ ਉਹ ਇਕ ‘ਯੋਗੀ ’ ਹਨ ਤੇ ਆਪਣੇ ਸੂਬੇ ਅੰਦਰ ਵੱਸਦੇ ਸਮੂਹ ਨਾਗਰਿਕਾਂ ਦੇ ਮੁੱਖ ਮੰਤਰੀ ਹਨ ਨਾ ਕਿ ਕੇਵਲ ਹਿੰਦੂਆਂ ਦੇ ਮੁੱਖ ਮੰਤਰੀ ਹਨ।**

ਅੱਜਕਲ ਹਿੰਦੁਸਤਾਨ ਦੀ ਫ਼ਿਜ਼ਾ ਵਿਚ ਨਫ਼ਰਤ ਦੀ ਕੁੜੱਤਣ ਵਧਦੀ ਅਤੇ ਮੁਹੱਬਤ ਦੀ ਮਿਠਾਸ ਘਟਦੀ ਮਹਿਸੂਸ ਹੋ ਰਹੀ ਹੈ।ਇਹ ਨਫ਼ਰਤ ਦਾ ਪਸਾਰਾ ਸਾਡੇ ਸਿਆਸਤਦਾਨਾਂ ਦੇ‘ਕੁਫ਼ਰ’ ਭਰੇ ਬੋਲਾਂ ਕਰਕੇ ਨਿਰੰਤਰ ਵਧ-ਫੁੱਲ ਰਿਹਾ ਹੈ ਤੇ ‘ਭੇਡ ਚਾਲ’ ਦੇ ਸ਼ਿਕਾਰ ਅਤੇ ‘ਤੁੱਛ ਬੁੱਧੀ’ ਵਾਲੇ ਵਿਚਾਰੇ ਆਮ ਲੋਕ ਅੱਖਾਂ ਮੀਚ ਕੇ ਸਿਆਸਤਦਾਨਾਂ ਦੀਆਂ ਗੱਲਾਂ ’ਤੇ ਇਤਬਾਰ ਕਰ ਰਹੇ ਹਨ।ਨਫ਼ਰਤ ਦੀ ਬੋਲ ਬਾਣੀ ਨਾਲ ਹਿੰਸਕ ਪ੍ਰਤੀਕਿਰਿਆਵਾਂ ਸਾਹਮਣੇ ਆ ਰਹੀਆਂ ਹਨ ਜਿਨ੍ਹਾ ਕਰਕੇ ਸਮਾਜ ਅਤੇ ਦੇਸ਼ ਵਿੱਚ ਫ਼ਿਰਕਾਪ੍ਰਸਤੀ ਭਰਿਆ ਵਾਤਾਵਰਣ ਪੈਦਾ ਹੋ ਰਿਹਾ ਹੈ ਜੋ ਸਿਆਸਤਦਾਨਾਂ ਵਾਸਤੇ ਸਿਆਸਤ ਦੀਆਂ ਰੋਟੀਆਂ ਸੇਕਣ ਲਈ ਕਾਫੀ ਮੁਫ਼ੀਦ ਭਾਵ ਫ਼ਾਇਦੇਮੰਦ ਸਾਬਿਤ ਹੋ ਰਿਹਾ ਹੈ ਪਰ ਭਾਰਤੀ ਸਮਾਜ ਦੇ ਧਰਮ ਨਿਰਪੱਖ ਢਾਂਚੇ ਅਤੇ ਸਮੁੱਚੇ ਮੁਲਕ ਦੇ ਸਦਭਾਵਨਾਪੂਰਨ ਮਾਹੌਲ ਦੀ ਬਰਬਾਦੀ ਲਈ ਇਹ ਨਫ਼ਰਤੀ ਵਾਤਾਵਰਣ ਬੜਾ ਹੀ ਖ਼ਤਰਨਾਕ ਸਿੱਧ ਹੋ ਰਿਹਾ ਹੈ ਤੇ ਇਸ ਮੁਲਕ ਨੂੰ ਹੌਲ਼ੀ-ਹੌਲ਼ੀ ਇਕ ਹੋਰ ਬਟਵਾਰੇ ਨੂੰ ਧੱਕ ਰਿਹਾ ਹੈ ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ।

ਮੁਲਕ ਪੱਧਰ ’ਤੇ ਮੁਸਲਮਾਨ ਤਬਕੇ ਪ੍ਰਤੀ ਹਿੰਦੂ ਸਮਾਜ ਅੰਦਰ ਅਤੇ ਪੰਜਾਬ ਦੇ ਸੰਦਰਭ ਵਿਚ ਸੂਬਾ ਪੱਧਰ ’ਤੇ ਸਿੱਖਾਂ ਅਤੇ ਹਿੰਦੂਆਂ ਅੰਦਰ ਨਫ਼ਰਤ ਦਾ ਵਾਤਾਵਰਣ ਸਿਰਜਿਆ ਜਾ ਰਿਹਾ ਹੈ। ਕੁਝ ‘ਸਿਰਫ਼ਿਰੇ’ ਲੋਕਾਂ ਦੁਆਰਾ ਦਿੱਤੇ ਗਏ ‘ਭੜਕਾਊ’ ਜਾਂ ‘ਉਕਸਾਊ’ ਬਿਆਨਾਂ ਕਰਕੇ ਪੈਦਾ ਹੋਈਆਂ ਗ਼ਲਤਫ਼ਹਿਮੀਆਂ ਨੂੰ ਸ਼ਾਂਤ ਕਰਕੇ ਸਮਾਜ ਅੰਦਰ ਸਦਭਾਵਨਾ ਅਤੇ ਪ੍ਰੇਮ ਦਾ ਮਾਹੌਲ ਸਿਰਜਣ ਦੀ ਥਾਂ ਸਾਡੇ ਸਿਆਸਤਦਾਨ ਨਫ਼ਰਤ ਦਾ ਮਣਾਂਮੂੰਹੀਂ ਤੇਲ ਛਿੜਕ ਕੇ ਨਫ਼ਰਤ ਦੀ ਅੱਗ ਨੂੰ ਹੋਰ ਭੜਕਾ ਰਹੇ ਹਨ ਜਿਸ ਕਰਕੇ ਸਮਾਜਿਕ ਸੰਤੁਲਨ,ਸਥਿਰਤਾ ਅਤੇ ਸ਼ਾਂਤੀ ਨੂੰ ਵੱਡਾ ਖ਼ਤਰਾ ਪੈਦਾ ਹੋ ਰਿਹਾ ਹੈ।ਆਜ਼ਾਦੀ ਤੋਂ ਪਹਿਲਾਂ ਜਾਂ ਆਜ਼ਾਦੀ ਤੋਂ ਬਾਅਦ ਤੋਂ ਲੈ ਕੇ ਹੁਣ ਤੱਕ ਧਰਮ,ਜ਼ਾਤ ਜਾਂ ਭਾਸ਼ਾ ਦੇ ਆਧਾਰ ’ਤੇ ਦੇਸ਼ ਅੰਦਰ ਹੋਏ ਦੰਗੇ-ਫ਼ਸਾਦਾਂ ਵਿੱਚ ਹਮੇਸ਼ਾ ਘਾਗ ਸਿਆਸਤਦਾਨਾਂ ਦੀ ਸ਼ਮੂਲੀਅਤ ਰਹੀ ਹੈ।ਦਿਲੀ,ਗੁਜਰਾਤ,ਭਾਗਲਪੁਰ,ਮੁਜ਼ੱਫਰ ਨਗਰ,ਕਾਨਪੁਰ ਅਤੇ ਹੋਰ ਸੂਬਿਆਂ ਵਿਚ ਵਾਪਰੇ ਦੰਗੇ-ਫ਼ਸਾਦ ਭਾਰਤੀ ਸਮਾਜ ਦੇ ਮੱਥੇ ਦੇ ਵੱਡੇ ਕਲੰਕ ਹਨ।

ਅਜੋਕੇ ਸਮੇਂ ਅੰਦਰ ਇਹ ਨਜ਼ਰ ਆਉਂਦਾ ਹੈ ਕਿ ਕੇਂਦਰ ਦੀ ਸੱਤਾ ’ਤੇ ਕਾਬਜ਼ ਮੁੱਖ ਸਿਆਸੀ ਦਲ ਸੰਵਿਧਾਨ ਦੁਆਰਾ ਪਰਿਭਾਸ਼ਿਤ ਕੀਤੇ ਗਏ ਭਾਰਤ ਜਿਹੇ ਬਹੁਧਰਮੀ ਜਾਂ ‘ਧਰਮ ਨਿਰਪੱਖ’ ਰਾਸ਼ਟਰ ਨੂੰ ਕੇਵਲ ਤੇ ਕੇਵਲ ‘ਹਿੰਦੂ ਰਾਸ਼ਟਰ’ ਬਣਾਉਣ ਦੀ ਤਿਆਰੀ ਕਰਦਾ ਨਜ਼ਰ ਆਉਂਦਾ ਹੈ।ਕੋਈ ਸ਼ੱਕ ਨਹੀਂ ਕਿ ਅਯੁੱਧਿਆ ਵਿਖੇ ਸਥਿਤ ‘ਰਾਮ ਮੰਦਿਰ ਬਨਾਮ ਬਾਬਰੀ ਮਸਜਿਦ’ ਦਾ ਵਿਵਾਦ ਮੁਲਕ ਦੀ ਆਜ਼ਾਦੀ ਤੋਂ ਪਹਿਲਾਂ ਤੋਂ ਚੱਲ ਰਿਹਾ ਸੀ ਤੇ ਮਾਮਲਾ ਲੰਮੇ ਸਮੇਂ ਤੋਂ ਅਦਾਲਤ ਵਿਚ ਲੰਬਿਤ ਸੀ।ਮਾਣਯੋਗ ਸੁਪਰੀਮ ਕੋਰਟ ਵੱਲੋ ਅਯੁੱਧਿਆ ਵਿਚ ਝਗੜੇ ਵਾਲੀ ਥਾਂ ’ਤੇ ਰਾਮ ਮੰਦਿਰ ਉਸਾਰੇ ਜਾਣ ਦਾ ਫ਼ੈਸਲਾ ਸੁਣਾਇਆ ਗਿਆ ਜੋ ਸਭ ਧਿਰਾਂ ਨੇ ਤਸਲੀਮ ਭਾਵ ਸਵੀਕਾਰ ਕਰ ਲਿਆ ਤੇ ਬੜੇ ਹੀ ਘੱਟ ਸਮੇਂ ਵਿਚ ਭਗਵਾਨ ਰਾਮ ਦਾ ਮੰਦਿਰ ਤਿਆਰ ਕਰਕੇ ਰਾਮ ਲੱਲਾ ਦੀ ਮੂਰਤੀ ਦੀ ‘ਪ੍ਰਾਣ ਪ੍ਰਤਿਸ਼ਠਾ’ ਵੀ ਕਰ ਦਿੱਤੀ ਗਈ ਪਰ ਹਰੇਕ ਸਮਾਗਮ ਵੇਲੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਸੰਚਾਰ ਸਾਧਨਾਂ ਰਾਹੀਂ ਦੁਨੀਆਂ ਭਰ ਵਿਚ ਇਹ ਸੰਦੇਸ਼ ਜਾਵੇ ਕਿ ਰਾਮ ਮੰਦਿਰ ਬਣਾਏ ਜਾਣ ਦਾ ਫ਼ੈਸਲਾ ਸੁਪਰੀਮ ਕੋਰਟ ਨੇ ਨਹੀਂ ਸਗੋਂ ਇਕ ਵੱਡੇ ਸਿਆਸੀ ਕੱਦ ਵਾਲੇ ਸਿਆਸਤਦਾਨ ਨੇ ਕਰਵਾਇਆ ਹੋਵੇ।ਹਰੇਕ ਪੋਸਟਰ ’ਤੇ ਰਾਮ ਨੂੰ ‘ਛੋਟਾ’ ਤੇ ਉਸ ਸਿਆਸਤਦਾਨ ਨੂੰ ‘ਵੱਡਾ’ ਵਿਖ਼ਾਇਆ ਗਿਆ ਸੀ ਤੇ ‘ਬੇਜ਼ਮੀਰੇ ਅਤੇ ਵਿਕਾਊ ਮੀਡੀਆ’ ਰਾਹੀਂ ਸੰਬੰਧਿਤ ਸ਼ਖ਼ਸ ਦਾ ‘ਭਰਪੂਰ ਮਹਿਮਾ ਮੰਡਨ’ ਕੀਤਾ ਗਿਆ ਸੀ।ਦਰਅਸਲ ਮੰਦਿਰ-ਮਸਜਿਦ ਵਿਵਾਦ ਸਬੰਧੀ ਅਦਾਲਤ ਵੱਲੋਂ ਆਖ਼ਰੀ ਫ਼ੈਸਲਾ ਸੁਣਾ ਦਿੱਤੇ ਜਾਣ ਤੋਂ ਬਾਅਦ ਗੱਲ ਮੁੱਕ ਜਾਣੀ ਚਾਹੀਦੀ ਸੀ ਪਰ ਸੰਬੰਧਿਤ ਸੱਤਾਧਾਰੀ ਦਲ ਤੀ ਤਾਂ ਸਾਰੀ ਸਿਆਸਤ ਹੀ ਧਰਮ ਜਾਂ ਮਜ਼ਹਬ ਪ੍ਰਤੀ ਉਲਾਰੂ ਰਾਜਨੀਤੀ ਕਰਨ ’ਤੇ ਆਧਾਰਿਤ ਸੀ ਇਸ ਲਈ ਉਸ ਦਲ ਅੱਗੇ ਵੱਡਾ ਸਵਾਲ ਖੜ੍ਹਾ ਹੋ ਗਿਆ ਕਿ ਹੁਣ ਅੱਗੇ ਉਸਦੀਆਂ ਸਿਆਸੀ ਰੋਟੀਆਂ ਕਿਵੇਂ ਸੇਕੀਆਂ ਜਾਣਗੀਆਂ ?ਘਾਗ ਸਿਆਸਤਦਾਨਾਂ ਨੇ ‘ਅਯੁੱਧਿਆ ਤੋ ਇੱਕ ਝਾਕੀ ਹੈ,ਕਾਸ਼ੀ-ਮਥੁਰਾ ਬਾਕੀ ਹੈ’ ਦਾ ਨਆਰਾ ਦੇ ਕੇ ਬੁਝੇ ਹੋਏ ਚੁੱਲ੍ਹੇ ਨੂੰ ਮੁੜ ਚੁਆਤੀ ਲਾ ਦਿੱਤੀ ਤੇ ਹਰੇਕ ਮਸਜਿਦ ਹੇਠੋਂ ਮੰਦਿਰ ਖੋਜੇ ਜਾਣ ਦੀਆਂ ਗੱਲਾਂ ਸ਼ੁਰੂ ਹੋ ਗਈਆਂ ਜਦੋਂ ਕਿ ਅਜਿਹੇ ਵਿਵਾਦ ਨਾ ਛੇੜੇ ਜਾਣ ਸਬੰਧੀ ਸੰਵਿਧਾਨਕ ਅਤੇ ਕਾਨੂੰਨੀ ਨੇਮ ਪਹਿਲਾਂ ਤੋਂ ਹੀ ਮੌਜੂਦ ਸਨ।ਇਨ੍ਹਾ ਨੇਮਾਂ ਦੇ ਬਿਲਕੁਲ ਉਲਟ ਜਾਂਦਿਆਂ ਇਕ ਧਰਮ ਵਿਸ਼ੇਸ਼ ਪ੍ਰਤੀ ਲਗਾਤਾਰ ਨਫ਼ਰਤੀ ਜ਼ਹਿਰ ਉਗਲ ਕੇ ਸੱਤਾਧਾਰੀ ਧਿਰ ਦੇ ਆਗੂਆਂ ਨੇ ਸਮੁੱਚਾ ਮਾਹੌਲ ਮੁੜ ਖ਼ਰਾਬ ਕਰ ਦਿੱਤਾ।‘ਹੋਲੀ’,‘ਦੀਵਾਲੀ’ ਅਤੇ ‘ਈਦ’ ਜਿਹੇ ਭਾਈਚਾਰੇ ਭਰਪੂਰ ਤਿਉਹਾਰਾਂ ਨੂੰ ਮਿਲਜੁਲ ਕੇ ਮਨਾਉਣ ਦੀ ਸਦੀਆਂ ਦੀ ਰਵਾਇਤ ਦੇ ਉਲਟ ‘ਮੇਰੀ ਹੋਲੀ’ ਤੇ ‘ਤੇਰੀ ਈਦ’ ਦੀਆਂ ਨਫ਼ਰਤੀ ਗੱਲਾਂ ਫ਼ੈਲਾਅ ਕੇ ਸਿਆਸਤਦਾਨਾਂ ਨੇ ਭਾਈ-ਭਾਈ ਵਿਚ ਫੁੱਟ ਪਾ ਦਿੱਤੀ।ਮੁਸਲਮਾਨਾਂ ਕੋਲੋਂ ਕਾਂਵੜੀਆਂ ਨੂੰ ਸਮਾਨ ਨਾ ਖ਼ਰੀਦਣ ਦੀਆਂ ਹਦਾਇਤਾਂ ਜਾਰੀ ਹੋ ਗਈਆਂ ਤੇ ਮੁਸਲਮਾਨਾਂ ਨੂੰ ਹੋਲੀ ਮੌਕੇ ਆਪਣੀਆਂ ਮਸਜਿਦਾਂ ਤਰਪਾਲਾਂ ਨਾਲ ਢੱਕਣ ਤੱਕ ਦੀ ਨੌਬਤ ਆ ਗਈ।ਕੋਈ ਸਿਆਸਤਦਾਨ ਇਹ ਨਹੀਂ ਦੱਸ ਪਾਇਆ ਸੀ ਕਿ ਕੀ ਹੋਲੀ ਤੇ ਈਦ ਇਸ ਮੁਲਕ ਵਿਚ ਕੋਈ ਪਹਿਲੀ ਵਾਰ ਮਨਾਏ ਜਾ ਰਹੇ ਸਨ ? ਜੇਕਰ ਇਹ ਤਿਉਹਾਰ ਸਦੀਆਂ ਤੋਂ ਬਿਨਾ ਕਿਸੇ ਵਿਵਾਦ ਦੇ ਅਤੇ ਪ੍ਰੇਮ ਤੇ ਭਾਈਚਾਰੇਪੂਰਵਕ ਮਨਾਏ ਜਾ ਰਹੇ ਸਨ ਤਾਂ ਫਿਰ ਇਸ ਸਾਲ ਇਹ ਨਫ਼ਰਤ ਦੀਆਂ ਗੱਲਾਂ ਕਿੱਥੋਂ ਆਈਆਂ ਸਨ ?

ਮੈਨੂੰ ਸੋਸ਼ਲ ਮੀਡੀਆ ’ਤੇ ਇਕ ਭਗਵਾਧਾਰੀ ਜੋਗੀਨੁਮਾ ਵਿਦਵਾਨ ਦੇ ਬੋਲ ਬੜੇ ਹੀ ਸਿਆਣਪ ਭਰੇ ਜਾਪੇ ਸਨ ਉਸਨੇ ਕਿਹਾ ਸੀ,“ਦੱਸੋ ਕਿ ਕਿਸੇ ਮੰਦਿਰ ਦੇ ਸਾਹਮਣੇ ਖਲੋ ਕੇ ‘ਜੈ ਸ਼੍ਰੀ ਰਾਮ’ ਦਾ ਜੈਕਾਰਾ ਲਗਾਉਣਾ ਸੋਭਾ ਦਿੰਦਾ ਹੈ ਜਾਂ ਫਿਰ ਕਿਸੇ ਮਸਜਿਦ ਸਾਹਮਣੇ ? ਜਦੋਂ ਜੈ ਸ੍ਰੀ ਰਾਮ ਦੇ ਨਾਅਰੇ ਦਾ ਮਹੱਤਵ ਅਤੇ ਸੰਬੰਧ ਹੈ ਹੀ ਮੰਦਿਰ ਅਤੇ ਹਿੰਦੂਆਂ ਦੀ ਆਸਥਾ ਨਾਲ ਤਾਂ ਫਿਰ ਅਸੀਂ ਮਸਜਿਦਾਂ ਸਾਹਮਣੇ ਐਸੇ ਨਾਅਰੇ ਗੂੰਜਾਅ ਕੇ ਨਫ਼ਰਤ ਕਿਉਂ ਸਿਰਜਦੇ ਹਾਂ ?”ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਇਹ ਭੁੱਲ ਜਾਂਦੇ ਹਨ ਕਿ ਉਹ ਇਕ ‘ਯੋਗੀ ’ ਹਨ ਤੇ ਆਪਣੇ ਸੂਬੇ ਅੰਦਰ ਵੱਸਦੇ ਸਮੂਹ ਨਾਗਰਿਕਾਂ ਦੇ ਮੁੱਖ ਮੰਤਰੀ ਹਨ ਨਾ ਕਿ ਕੇਵਲ ਹਿੰਦੂਆਂ ਦੇ ਮੁੱਖ ਮੰਤਰੀ ਹਨ।ਉਨ੍ਹਾ ਦਾ ਇਹ ਨਫ਼ਰਤੀ ਬਿਆਨ ਵੀ ਨਿੰਦਣਯੋਗ ਹੈ ਕਿ “ਜੇਕਰ ਮੁਸਲਮਾਨਾਂ ਨੂੰ ਤੰਗੀ ਹੈ ਤਾਂ ਉਹ ਹੋਲੀ ਵਾਲੇ ਦਿਨ ਘਰੋਂ ਬਾਹਰ ਨਾ ਨਿਕਲਣ।”ਕੁਝ ਰਾਜਾਂ ਵਿਚ ਇਕ ਧਰਮ ਵਿਸ਼ੇਸ਼ ਦੇ ਲੋਕਾਂ ਦੀ ‘ਮੌਬ ਲਿੰਚਿੰਗ’ ਕੀਤੇ ਜਾਣਾ,ਕੁਝ ਯੂਨੀਵਰਸਿਟੀਆਂ ’ਚੋਂ ਇਕ ਫ਼ਿਰਕਾ ਵਿਸ਼ੇਸ ਦੇ ਵਿਦਿਆਰਥੀ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਸੁੱਟ ਦੇਣਾ, ਸੰਗੀਨ ਅਪਰਾਧਾਂ ਕਰਕੇ ਜੇਲਾਂ ਵਿਚ ਇਕ ਧਰਮ ਵਿਸ਼ੇਸ਼ ਦੇ ਆਗੂਆਂ ਨੂੰ ਵਾਰ-ਵਾਰ ਪੈਰੋਲ ਦੇਣਾ ਪਰ ਦੂਜੇ ਧਰਮਾਂ ਦੇ ਸਜ਼ਾ ਭੋਗ ਚੁੱਕੇ ਕੈਦੀਆਂ ਨੂੰ ਵੀ ਰਿਹਾਅ ਨਾ ਕਰਨਾ ਸਰਕਾਰ ਦੀ ਫ਼ਿਰਕਾਪ੍ਰਸਤੀ ਭਰੀ ਤੇ ਨਫ਼ਰਤੀ ਸੋਚ ਨੂੰ ਪ੍ਰਦਰਸ਼ਿਤ ਕਰਦਾ ਹੈ।ਲਗਪਗ ਚਾਰ ਸੌ ਸਾਲ ਪਹਿਲਾਂ ਮਰ ਚੁੱਕੇ ‘ਔਰੰਗਜ਼ੇਬ’ ਦੀ ਕਬਰ ਪੁੱਟਣ ਦੀ ਗੱਲ ਕਰਕੇ ਭਾਰਤ ਦੀ ਉਸ ਸਦੀਆਂ ਪੁਰਾਣੀ ਪ੍ਰੰਪਰਾ ਦਾ ਘਾਣ ਕੀਤਾ ਗਿਆ ਜੋ ਇਹ ਆਖਦੀ ਹੈ ਕਿ ਜੋ ਮਰ ਗਿਆ ਹੈ ਉਸਨੂੰ ਉਸਦੇ ਮਜ਼ਹਬ ਮੁਤਾਬਿਕ ਸਨਮਾਨ ਨਾਲ ਸਪੁਰਦੇ ਖ਼ਾਕ ਜਾਂ ਅਗਨਭੇਂਟ ਕੀਤਾ ਜਾਵੇ।‘ਮੁਰਦਿਆਂ ਨਾਲ ਵੈਰ ਨਹੀਂ ਨਿਭਾਏ ਜਾਂਦੇ’ ਦੀ ਚੰਗੀ ਰਵਾਇਤ ਨੇਸਤਨਾਬੂਦ ਕਰ ਦਿੱਤੀ ਗਈ ਤੇ ਇਸ ਰਵਾਇਤ ਨੂੰ ਤੋੜਨ ਵਾਲੇ ਇਹ ਭੁੱਲ ਗਏ ਕਿ ਰਾਵਣ ਦਾ ਵਧ ਕਰਨ ਵਾਲੇ ਰਾਮ ਨੇ ਵੀ ਰਾਵਣ ਦੇ ਮ੍ਰਿਤਕ ਸਰੀਰ ਨੂੰ ਪ੍ਰਣਾਮ ਕਰਕੇ ਉਸਦੀ ਮ੍ਰਿਤਕ ਦੇਹ ਦਾ ਸਤਿਕਾਰ ਕੀਤਾ ਸੀ ਤੇ ਅਪਮਾਨ ਕਰਨ ਦਾ ਖ਼ਿਆਲ ਵੀ ਮਨ ਵਿਚ ਨਹੀਂ ਸੀ ਲਿਆਂਦਾ।

ਪੰਜਾਬ ਦੇ ਨਾਲ ਲੱਗਦੇ ਹਿਮਾਚਲ ਅਤੇ ਹਰਿਆਣਾ ਜਿਹੇ ਸੂਬੇ ਫ਼ਿਰਕਾਪ੍ਰਸੋਤੀ ਪੱਖੋਂ ਬੜੇ ਹੀ ਸ਼ਾਂਤ ਤੇ ਸਾਫ਼ ਸੂਬੇ ਰਹੇ ਹਨ।ਇਥੋਂ ਦੇ ਨਿਵਾਸੀਆਂ ਦੇ ਆਪਸੀ ਸਬੰਧ ਬੜੇ ਹੀ ਵਧੀਆ ਰਹੇ ਹਨ।ਦਿੱਲੀ ਜਾਣ ਲਈ ਪੰਜਾਬੀਆਂ ਨੂੰ ਹਰਿਆਣਾ ਵਿੱਚੋਂ ਲੰਘਣਾ ਪੈਂਦਾ ਹੈ ਤੇ ਸੈਰ ਸਪਾਟੇ ਲਈ ਪੰਜਾਬੀਆਂ ਦੀ ਪਹਿਲੀ ਪਸੰਦ ਹਿਮਾਚਲ ਦੀਆਂ ਖ਼ੂਬਸੂਰਤ ਵਾਦੀਆਂ ਹਨ।ਕਿਸਾਨੀ ਅੰਦੋਲਨ ਨੂੰ ਮੁਲਕ ਪੱਧਰ ’ਤੇ ਕੇਂਦਰ ਸਰਕਾਰ ਵੱਲੋਂ ਕੀਤੇ ਭੰਡੀ ਪ੍ਰਚਾਰ ਕਾਰਨ ‘ਅੱਤਵਾਦੀਆਂ’ ਅਤੇ ‘ਖ਼ਾਲਿਸਤਾਨੀਆਂ’ ਦਾ ਅੰਦੋਲਨ ਬਣਾ ਦਿੱਤਾ ਗਿਆ ਤੇ ਪੰਜਾਬ-ਹਰਿਆਣਾ ਬਾਰਡਰ ’ਤੇ ਕੰਕਰੀਟ ਦੀਆਂ ਕੰਧਾਂ ਉਸਾਰਨ ਦੇ ਨਾਲ-ਨਾਲ ਪੰਜਾਬੀਆਂ ਤੇ ਹਰਿਆਣਵੀਆਂ ਦੇ ਦਿਲਾਂ ਅੰਦਰ ਵੀ ਨਫ਼ਰਤੀ ਕੰਧਾਂ ਉਸਾਰ ਦਿੱਤੀਆਂ।ਪੰਜਾਬ ਤੋਂ ਹਿਮਾਚਲ ਦੇ ਧਾਰਮਿਕ ਅਸਥਾਨਾਂ ਦੀ ਯਾਤਰਾ ਲਈ ਨਿੱਕਲੇ ਕੁਝ ਨੌਜਵਾਨਾਂ ਦੇ ਵਾਹਨਾਂ ’ਤੇ ਲੱਗੇ ਧਾਰਮਿਕ ਝੰਡਿਆਂ ਦੀ ਬੇਹੁਰਮਤੀ ਕੀਤੇ ਜਾਣ ਅਤੇ ਇਕ ਗਰਮ ਖ਼ਿਆਲੀ ਆਗੂ ਦੀਆਂ ਤਸਵੀਰਾਂ ਪਾੜੇ ਜਾਣ ਦੇ ਵਿਵਾਦ ਨੂੰ ਸ਼ਾਂਤੀ ਅਤੇ ਸਮਝਦਾਰੀ ਨਾਲ ਹੱਲ ਕਰਨ ਦੀ ਥਾਂ ਦੋਹਾਂ ਸੂਬਿਆਂ ਵਿਚ ਗੈਰ-ਭਾਜਪਾਈ ਸਰਕਾਰਾਂ ਹੋਣ ਨੂੰ ਮੁੱਖ ਰੱਖ ਕੇ ਨਫ਼ਰਤੀ ਬੋਲਾਂ ਦੀ ਬੁਛਾੜ ਕੀਤੀ ਗਈ ਤੇ ਬਲਦੀ ਅੱਗ ’ਤੇ ਪਾਣੀ ਦੀ ਥਾਂ ਘਿਓ ਪਾ ਕੇ ਭਾਂਬੜ ਹੋਰ ਮਚਾਅ ਦਿੱਤੇ ਗਏ।ਨਵੀਂ ਦਿੱਲੀ ਵਿਖੇ ਮਹਿਲਾ ਪਹਿਲਵਾਨਾਂ ਦੀ ਸਰ੍ਹੇਆਮ ਖਿਚਧੂਹ,ਮਾਰਕੁੱਟ ਅਤੇ ਬੇਪੱਤੀ ਕੀਤੇ ਜਾਣ ’ਤੇ ਖ਼ਾਮੋਸ਼ ਰਹਿਣ ਵਾਲੇ ਪੰਜਾਬ ਦੇ ਭਾਜਪਾ ਆਗੂ ਇਕ ਕਰਨਲ ਦੇ ਪਰਿਵਾਰ ਦੀ ਮਾਰਕੁੱਟ ਦਾ ਮਾਮਲਾ ਰਾਜਪਾਲ ਤੱਕ ਲੈ ਗਏ ਕਿਉਂਕਿ ਪੰਜਾਬ ਵਿਚ ਗ਼ੈਰ-ਭਾਜਪਾਈ ਸਰਕਾਰ ਹੈ ਤੇ ਰਾਜਪਾਲ ਉਨ੍ਹਾ ਦਾ ‘ਆਪਣਾ’ ਹੈ।

ਭਾਰਤ ਦੇ ਸਮੂਹ ਭੋਲੇ-ਭਾਲੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਸਿਆਸਤਦਾਨਾਂ ਦੀਆਂ ਨਫ਼ਰਤੀ ਅਤੇ ਉਕਸਾਊ ਗੱਲਾਂ ਵਿਚ ਹਰਗ਼ਿਜ਼ ਨਾ ਆਉਣ ਤੇ ਆਪਸੀ ਪ੍ਰੇਮ ਪਿਆਰ ਅਤੇ ਭਾਈਚਾਰਾ ਕਾਇਮ ਰਖ਼ਦਿਆਂ ਹੋਇਆਂ ਹਰੇਕ ਦਿਨ-ਤਿਉਹਾਰ ਰਲ੍ਹ-ਮਿਲ ਕੇ ਅਤੇ ਪੂਰੇ ਜੋਸ਼ੋ-ਖ਼ਰੋਸ਼ ਨਾਲ ਮਨਾਉਣ ਤੇ ਨਫ਼ਰਤੀ ਬੋਲ ਬੋਲ ਕੇ ਤੁਅੱਸਬੀ ਵਾਤਾਵਰਣ ਪੈਦਾ ਕਰਨ ਵਾਲੇ ਕਿਸੇ ਵੀ ਸਿਆਸਤਦਾਨ ਨੂੰ ਆਪਣੇ ਸਮਾਗਮਾਂ ਦਾ ਹਿੱਸਾ ਨਾ ਬਣਨ ਦੇਣ।ਸਿਆਸਤਦਾਨਾਂ ਨੇ ਆਪਣੇ ਸਿਆਸੀ ਮੁਫ਼ਾਦਾਂ ਲਈ ਪਹਿਲਾਂ ਵੀ ਮੁਲਕ ਅਤੇ ਸੂਬਾ ਵੰਡ ਦਿੱਤਾ ਸੀ ਤੇ ਅਜਿਹੀ ਕੋਈ ਵੀ ਹੋਰ ਕੋਸ਼ਿਸ਼ ਕਿਸੇ ਵੀ ਕੀਮਤ ’ਤੇ ਸਫ਼ਲ ਨਹੀਂ ਹੋਣ ਦਿੱਤੀ ਜਾਣੀ ਚਾਹੀਦੀ ਹੈ।

ਪ੍ਰੋ.ਪਰਮਜੀਤ ਸਿੰਘ ਨਿੱਕੇ ਘੁੰਮਣ,
410,ਚੰਦਰ ਨਗਰ,ਬਟਾਲਾ।
ਮੋ.97816-46008

# ਕੈਨੇਡਾ ਚੋਣਾਂ ਵਿੱਚ ਗਿੱਲ- ਗਿੱਲ ਤਾਂ ਹੋਈ ਪਈ ਐ ਪਰ 28 ਨੂੰ ਪਤਾ ਲੱਗੂ ਕਿ ਗਿੱਲ, ਗਿੱਲੇ ਵੀ ਹੋਏ ਜਾਂ ਸੁੱਕੇ ਈ ਰਹਿ ਗਏ !








ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀਆਂ ਫੈਡਰਲ ਚੋਣਾਂ ਵਿੱਚ ਆਪਣੇ ਆਖਿਰੀ ਨਾਂ ਗਿੱਲ ਵਾਲੇ ਉਮੀਂਦਵਾਰਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਹੋਣ ਕਾਰਣ ਬਹੁਤ ਸਾਰੇ ਚੋਣ ਖੇਤਰਾਂ ਵਿੱਚ ਗਿੱਲ -ਗਿੱਲ ਹੋਈ ਪਈ ਹੈ। ਪੰਜਾਬ ਵਿੱਚ ਮਾਲਵਾ ਖੇਤਰ ਦੇ ਮਸ਼ਹੂਰ ਸਹਿਰ ਮੋਗਾ ਦੇ ਮੋਹੜੀ ਗੱਡ (ਸਹਿਰ ਵਸਾਉਣ ਵਾਲੇ)ਸਰਦਾਰ ਮੋਗਾ ਸਿੰਘ ਗਿੱਲ ਸਨ । ਹੁਣ ਭਾਵੇਂ ਸਾਰੇ ਪੰਜਾਬ ਵਿੱਚ ਗਿੱਲ ਗੋਤ ਵਾਲੇ ਵਸੇ ਹੋਏ ਹਨ ਪਰ ਮੋਗਾ ਇਲਾਕੇ ਦੇ ਨਾਲ ਲੱਗਦੇ 42 ਪਿੰਡ ਗਿੱਲਾਂ ਦੇ ਹਨ। ਜਿਹਨਾਂ ਨੂੰ ਮੋਗਾ ਇਲਾਕੇ ਵਿੱਚ"ਬਤਾਲੀਏ" ਕਿਹਾ ਜਾਂਦਾ ਹੈ । ਸ਼ਾਇਦ ਇਹੀ ਕਾਰਣ ਹੈ ਕਿ ਇਸ ਸਾਲ ਕੈਨੇਡਾ ਵਿੱਚ ਚੋਣਾਂ ਦੌਰਾਨ "ਗਿੱਲਾਂ "ਦਾ ਜਾਦੂ ਸਿਰ ਚੜ੍ਹਕੇ ਬੋਲ ਰਿਹਾ ਹੈ । ਕੈਨੇਡਾ ਵਿੱਚ ਕੰਜ਼ਰਵੇਟਿਵ ਪਾਰਟੀ ਪੀਅਰ ਪੋਲੀਵਰ ਦੀ ਅਗਵਾਈ ਵਿੱਚ ਇਸ ਫੈਡਰਲ ਚੋਣਾਂ ਵਿੱਚ ਅਠਾਰਾਂ ਦੇ ਕਰੀਬ ਪੰਜਾਬੀ (ਸਿੱਖ)ਉਮੀਦਵਾਰਾਂ ਨੂੰ ਲੈ ਕੇ ਪਾਰਟੀ ਚੋਣਾਂ ਲੜ ਰਹੀ ਹੈ । ਜਿਹਨਾਂ ਵਿੱਚੋਂ "ਗਿੱਲ " ਗੋਤ ਦੇ ਕੰਜ਼ਰਵੇਟਿਵ ਪਾਰਟੀ ਉਮੀਦਵਾਰਾਂ ਦੀ ਭਰਮਾਰ ਹੈ । ਅਲਬਰਟਾ ਸੂਬੇ ਵਿੱਚ ਦਲਵਿੰਦਰ ਗਿੱਲ ਕੈਲਗਰੀ ਮੈਕਨਾਈਟ, ਅਮਨਪ੍ਰੀਤ ਗਿੱਲ ਕੈਲਗਰੀ ਸਕਾਈਵਿਊ, ਓਨਟਾਰੀਓ ਵਿੱਚ ਹਰਬਿੰਦਰ ਗਿੱਲ ਵਿੰਡਸਰ ਵੈਸਟ, ਪਰਮ ਗਿੱਲ ਮਿਲਟਨ ਈਸਟ— ਹਾਲਟਨ ਹਿਲਜ਼ ਸਾਊਥ, ਅਮਰਜੀਤ ਗਿੱਲ ਬਰੈਂਪਟਨ ਪੱਛਮੀ, ਬ੍ਰਿਟਿਸ ਕੋਲੰਬੀਆਂ ਸੂਬੇ ਅੰਦਰ ਹਰਜੀਤ ਸਿੰਘ ਗਿੱਲ -ਸਰੀ ਨਿਊਟਨ, ਸੁਖਮਨ ਸਿੰਘ ਗਿੱਲ ਐਬਟਸਫੋਰਡ—ਸਾਊਥ ਲੈਂਗਲੀ, ਅਤੇ ਤੋਂ ਪਾਰਟੀ ਦੇ ਉਮੀਦਵਾਰ ਹਨ । ਇਸਤੋਂ ਇਲਾਵਾ ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲੀਵਰ ਦੇ ਸਲਾਹਕਾਰ ਢੁੱਡੀਕੇ ਦੇ ਸਮਸ਼ੇਰ ਸਿੰਘ ਵੀ ਗਿੱਲ ਹੀ ਹਨ । ਰਾਜ ਨੀਤਕ ਪਹਿਲਵਾਨਾਂ ਦੇ ਗਹਿਗੱਚ ਮੁਕਾਬਲੇ ਵਿੱਚ 28 ਅਪਰੈਲ 2025 ਦੀ ਰਾਤ ਨੂੰ 10 -11 ਕੁ ਵਜੇ ਤੱਕ ਪਤਾ ਲੱਗ ਜਾਵੇਗਾ ਕਿ ਕਿਹੜੇ ਕਿਹੜੇ "ਗਿੱਲ' ਰਾਜਨੀਤੀ ਦੇ ਸਮੁੰਦਰ ਵਿੱਚੋਂ ਵੋਟਾਂ ਦੀ ਗਿਣਤੀ ਦੀਆਂ ਸਿੱਪੀਆਂ ਦੀ ਝੋਲੀ ਭਰਕੇ ਗਿੱਲੇ ਹੋਕੇ ਨਿੱਕਲਦੇ ਹਨ ਜਾਂ ਫਿਰ ਵੋਟਰਾਂ ਵੱਲੋਂ ਲਾਰਿਆਂ ਦੇ ਘੋਗਿਆਂ ਦਾ ਬੁੱਕ ਭਰਕੇ ਹਾਰ ਦੇ ਪਸੀਨੇ ਨਾਲ ਭਿੱਜੇ ਹੋਏ ਵੀ ਸੁੱਕੇ-ਸੁੱਕੇ ਹੀ ਰਹਿਣਗੇ ।

## ਆ ਨੀ ਵਿਸਾਖੀਏ

ਆ ਨੀ ਵਿਸਾਖੀਏ, ਤੂੰ ਆ ਨੀ ਵਿਸਾਖੀਏ।
ਖਾਲਸੇ ਦੀ ਬਾਤ ਕੋਈ, ਸੁਣਾ ਨੀ ਵਿਸਾਖੀਏ।

ਪੰਜੇ ਨੇ ਪਿਆਰੇ ਵਿੱਚੋਂ, ਵੱਖ ਵੱਖ ਜਾਤਾਂ ਦੇ।
ਗੋਬਿੰਦ ਚਲਾਏ ਦੇਖੋ, ਰਾਜ ਪੰਚਾਇਤਾਂ ਦੇ।
ਜਾਤ ਪਾਤ ਭੇਦ ਨੂੰ, ਮਿਟਾ ਨੀ ਵਿਸਾਖੀਏ।
ਆ.......

ਆਪੇ ਗੁਰੂ ਆਪੇ ਹੀ ਉਹ, ਬਣ ਬੈਠਾ ਚੇਲਾ ਏ।
ਗੁਰੂ ਅਤੇ ਚੇਲੇ ਵਿੱਚ, ਰਿਹਾ ਨਾ ਝਮੇਲਾ ਏ।
ਏਹੋ ਜਿਹਾ ਸਭ ਨੂੰ, ਬਣਾ ਨੀ ਵਿਸਾਖੀਏ।
ਆ.......

ਸੀਸ ਭੇਟ ਕਰ ਜਿਹਨਾਂ, ਆਪਾ ਏ ਮਿਟਾ ਲਿਆ।
ਸਿੰਘ ਸਜ ਇੱਕ ਇੱਕ, ਲੱਖਾਂ ਨੂੰ ਮੁਕਾ ਲਿਆ।
ਮੁੜ ਓਹੀ ਸ਼ਕਤੀ, ਜਗਾ ਨੀ ਵਿਸਾਖੀਏ।
ਆ........

ਗੋਬਿੰਦ ਗੁਲਾਮੀ ਵਾਲਾ, ਜੂਲਾ ਗਲੋਂ ਲਾਹ ਗਿਆ।
ਸੁੱਤੀ ਹੋਈ ਕੌਮ ਨੂੰ, ਝੰਜੋੜ ਕੇ ਜਗਾ ਗਿਆ।
ਐਸਾ ਮੁੜ ਬਿਗਲ, ਵਜਾ ਨੀ ਵਿਸਾਖੀਏ।
ਆ.........


ਸਿੰਘ ਸਜ ਗੁਰੂ ਦੀਆਂ, ਖੁਸ਼ੀਆਂ ਨੂੰ ਮਾਣੀਏਂ।
ਬਾਣੀ ਅਤੇ ਬਾਣੇ ਦੀ, ਕਦਰ @ਦੀਸ਼@ ਜਾਣੀਏਂ।
ਖੰਡੇ ਵਾਲੀ ਪਾਹੁਲ, ਵਰਤਾ ਨੀ ਵਿਸਾਖੀਏ।
ਆ......

**ਗੁਰਦੀਸ਼ ਕੌਰ ਗਰੇਵਾਲ** 403 404 1450

# ਕੂੜੇ-ਕਰਕਟ ਨਾਲ ਭਰੇ ਸ਼ੈਲਟਰ 'ਚ ਰਹਿਣ ਵਾਲੇ ਮਾਨਸਿਕ ਰੋਗੀ ਬੇਘਰ ਬਜ਼ੁਰਗ ਨੂੰ ਮਿਲਿਆ ਸਵਰਗ ਰੂਪੀ ਘਰ



ਪਿਛਲੇ 2 ਅਪ੍ਰੈਲ ਨੂੰ ਸਰਹਿੰਦ ਸ਼ਹਿਰ 'ਚ ਆਟੋ ਚਲਾਉਣ ਵਾਲੇ ਪਰਮਿੰਦਰ ਸਿੰਘ ਨੇ ਸਰਾਭਾ ਆਸ਼ਰਮ ਵਿੱਚ ਫੋਨ ਕਰਕੇ ਦੱਸਿਆ ਕਿ ਇੱਕ ਬਜ਼ੁਰਗ ਕਈ ਸਾਲਾਂ ਤੋਂ ਸਰਹਿੰਦ ਬੱਸ ਸਟੈਂਡ ਤੋਂ ਫਤਿਹਗੜ੍ਹ ਗੁਰਦੁਵਾਰਾ ਸਾਹਿਬ ਵੱਲ ਨੂੰ ਜਾਣ ਵਾਲੀ ਸੜਕ ਦੇ ਕਿਨਾਰੇ ਕੂੜੇ-ਕਰਕਟ ਨਾਲ ਭਰੇ ਹੋਏ ਬਗੈਰ ਬਿਜਲੀ-ਪਾਣੀ ਤੋਂ ਇੱਕ ਖਸਤਾ ਹਾਲਤ ਗੰਦੇ ਜਿਹੇ ਸ਼ੈਲਟਰ 'ਚ ਰਹਿੰਦਾ ਹੈ। ਇਹ ਬਜ਼ੁਰਗ ਸਾਰਾ ਦਿਨ ਕੂੜਾ-ਕਰਕਟ ਇੱਕਠਾ ਕਰਦਾ ਰਹਿੰਦਾ ਹੈ ਅਤੇ ਉਸ ਉੱਪਰ ਹੀ ਸੌਂ ਜਾਂਦਾ ਹੈ।



ਉਪਰੋਕਤ ਬਜ਼ੁਰਗ ਬਾਰੇ ਜਾਣਕਾਰੀ ਮਿਲਦੇ ਸਾਰ ਹੀ ਸਰਾਭਾ ਆਸ਼ਰਮ ਦੇ ਮੁੱਖ ਸੇਵਾਦਾਰ ਡਾ.ਨੌਰੰਗ ਸਿੰਘ ਮਾਂਗਟ ਨੇ ਆਸ਼ਰਮ ਤੋਂ ਤਕਰੀਬਨ 100 ਕਿਲੋਮੀਟਰ ਦੂਰ ਫਤਿਹਗੜ੍ਹ ਸਾਹਿਬ (ਸਰਹਿੰਦ) ਪਹੁੰਚ ਕੇ ਇਸ ਬਜ਼ੁਰਗ ਨੂੰ ਲੱਭਿਆ । ਉਸ ਸਮੇਂ ਇਹ ਬਜ਼ੁਰਗ ਕੂੜਾ-ਕਰਕਟ ਦੇ ਢੇਰ ਉੱਪਰ ਹੀ ਬੈਠਾ ਹੋਇਆ ਸੀ । ਸੜਕ ਦੇ ਵਾਹਨਾਂ ਦੀ ਪੈਂਦੀ ਧੂੜ ਕਾਰਨ ਪਾਏ ਹੋਏ ਮੈਲੇ-ਕੁਚੈਲੇ ਕੱਪੜੇ ਇਸ ਤਰ੍ਹਾਂ ਪ੍ਰਤੀਤ ਹੁੰਦੇ ਸਨ ਜਿਵੇਂ ਕਿ ਚਮੜੇ ਦੇ ਬਣੇ ਹੋਣ। ਇਸਦੇ ਤਨ ਤੇ ਬੇਹੱਦ ਮੈਲ਼ ਸੀ । ਸਿਰ ਅਤੇ ਦਾੜ੍ਹੀ ਦੇ ਵਾਲ ਮਿੱਟੀ-ਘੱਟੇ ਕਾਰਨ ਪੀਲੇ ਹੋਏ ਪਏ ਸਨ। ਇਸ ਤਰ੍ਹਾਂ ਲਗਦਾ ਸੀ ਕਿ ਇਸ ਨੇ ਕਈ ਮਹੀਨਿਆਂ ਤੋਂ ਇਸ਼ਨਾਨ ਨਹੀਂ ਕੀਤਾ।

ਆਸ਼ਰਮ ਦੇ ਮੁੱਖ ਸੇਵਾਦਾਰ ਡਾ.ਨੌਰੰਗ ਸਿੰਘ ਮਾਂਗਟ ਨੇ ਇਸਨੂੰ ਉਪਰੋਕਤ ਜਗ੍ਹਾ ਤੋਂ ਲਿਆ ਕੇ ਪਿੰਡ ਸਰਾਭਾ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਦਾਖਲ ਕਰਵਾਇਆ। ਸੇਵਾਦਾਰਾਂ ਵੱਲੋਂ ਜਦੋਂ ਇਸਨੂੰ ਇਸ਼ਨਾਨ ਆਦਿ ਕਰਵਾ ਕੇ ਨਵੇਂ ਕੱਪੜੇ ਪੁਵਾਏ ਗਏ ਤਾਂ ਦੇਖ ਕੇ ਵਿਸ਼ਵਾਸ ਹੀ ਨਹੀਂ ਆਉਂਦਾ ਸੀ ਕਿ ਸਾਫ਼-ਸੁਥਰੇ ਚਿੱਟੇ ਕੱਪੜਿਆਂ ਵਿੱਚ ਇਹ ਉਹੀ ਬਜ਼ੁਰਗ ਹੈ ਜੋ ਕਿ ਕੂੜਾ -ਕਰਕਟ ਦੇ ਢੇਰ ਵਿੱਚ ਰਹਿੰਦਾ ਸੀ । ਕੂੜੇ-ਕਰਕਟ ਦੇ ਢੇਰ ਵਿੱਚ ਲੰਮੇ ਸਮੇਂ ਤੋਂ ਰਹਿਣ ਕਾਰਨ ਇਸਦਾ ਦਾ ਦਿਮਾਗੀ ਸੰਤੁਲਨ ਵੀ ਠੀਕ ਨਹੀਂ ਰਿਹਾ । ਆਸ਼ਰਮ ਵਿੱਚ ਇਸਦਾ ਇਲਾਜ ਕਰਵਾਇਆ ਜਾਵੇਗਾ। ਉਮੀਦ ਕਰਦੇ ਹਾਂ ਕਿ ਹੁਣ ਇਹ ਬਜ਼ੁਰਗ ਆਸ਼ਰਮ ਵਿੱਚ ਰਹਿੰਦਿਆਂ ਬਾਕੀ ਦੀ ਜਿੰਦਗੀ ਸੁੱਖ-ਅਰਾਮ ਨਾਲ ਬਤੀਤ ਕਰਨਗੇ। ਇਸ ਬਜ਼ੁਰਗ ਨੇ ਆਪਣਾ ਨਾਮ ਮਹਿੰਦਰ ਸਿੰਘ ਦੱਸਿਆ ਹੈ । ਇਹ ਵੀ ਦੱਸਿਆ ਕਿ ਮੈਂ ਰੋਟੀ ਆਦਿ ਮੰਗ ਕੇ ਖਾਂਦਾ ਸੀ ਅਤੇ ਮੇਰਾ ਕੋਈ ਪਰਿਵਾਰ ਜਾਂ ਰਿਸ਼ਤੇਦਾਰ ਨਹੀਂ ਹੈ।

ਇਸ ਆਸ਼ਰਮ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਸ੍ਰੀ ਗੁਰੂ ਅਮਰ ਦਾਸ ਜੀ ਦੇ ਇਸ ਆਸ਼ਰਮ ਵਿੱਚ 215 ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਧਰੰਗ ਦੀ ਬਿਮਾਰੀ ਨਾਲ ਪੀੜਤ, ਟੀ.ਵੀ., ਕੈਂਸਰ ਅਤੇ ਹੋਰ ਨਾ-ਮੁਰਾਦ ਬਿਮਾਰੀਆਂ ਨਾਲ ਪੀੜਤ ਲਾਵਾਰਸ-ਬੇਘਰ ਅਤੇ ਗਰੀਬ ਮਰੀਜ਼ ਰਹਿੰਦੇ ਹਨ ਜਿਹਨਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਬਾਰੇ ਹੋਰ ਜਾਣਕਾਰੀ ਲਈ ਮੋਬਾਇਲ ਨੰਬਰ 95018-42506, 95018-42505 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪਹਿਲੀਆਂ ਅਲਬਰਟਾ ਸਿੱਖ ਖੇਡਾਂ ਕੈਲਗਰੀ ਵਿਖੇ ਹੋਣਗੀਆਂ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ ) ਕੈਲਗਰੀ ਦੇ ਗੁਰਦੁਆਰਾ ਦਸ਼ਮੇਸ਼ ਕਲਚਰ ਸੈਂਟਰ ਵੱਲੋਂ ਖੇਡਾਂ ਦੇ ਖੇਤਰ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਵਿੱਚੋਂ ਸਾਲ 2025 ਦਾ ਇੱਕ ਉਪਰਾਲਾ ਇਹ ਹੈ ਕਿ ਪਹਿਲੀਆਂ ਅਲਬਰਟਾ ਸਿੱਖ ਖੇਡਾਂ ਅਪ੍ਰੈਲ ਮਹੀਨੇ ਕੈਲਗਰੀ ਵਿੱਚ ਕਰਵਾਈਆਂ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰੂ ਘਰ ਦੇ ਕਮੇਟੀ ਦੇ ਚੇਅਰਮੈਨ ਸਰਦਾਰ ਗੁਰਜੀਤ ਸਿੰਘ ਸਿੱਧੂ ਨੇ ਦੱਸਿਆ ਕਿ ਅਪ੍ਰੈਲ 18, 19 ਅਤੇ 20 ਨੂੰ ਕੈਲਗਰੀ ਦੇ ਜੈਨਸਿਸ ਸੈਂਟਰ ਵਿਖੇ ਇਹ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਇਹਨਾਂ ਖੇਡਾਂ ਵਿੱਚ ਬਾਲੀਬਾਲ, ਬਾਸਕਟਬਾਲ, ਸੌਕਰ, ਫੀਲਡ ਹਾਕੀ, ਬੈਡਮਿੰਟਨ, ਗਤਕਾ, ਰੱਸਾਕਸੀ ਅਤੇ ਅਥਲੈਟਿਕਸ 100 ਮੀਟਰ 200 ਮੀਟਰ ਅਤੇ 400 ਮੀਟਰ ਹੋਣਗੀਆਂ। ਖਿਡਾਰੀਆਂ ਨੂੰ ਦਿੱਤੇ ਜਾਣ ਵਾਲੇ ਇਨਾਮਾਂ ਬਾਰੇ ਵਿਲੱਖਣਤਾ ਇਹ ਹੈ ਕਿ ਇਸ ਵਿੱਚ ਨਗਦ ਇਨਾਮ ਕੋਈ ਵੀ ਨਹੀਂ ਹੋਵੇਗਾ ਸਗੋਂ ਉਹਨਾਂ ਦੇ ਨਾਮਾਂ ਵਾਲੇ ਮਾਣ ਪੱਤਰ ਜੇਤੂ ਖਿਡਾਰੀਆਂ ਨੂੰ ਦਿੱਤੇ ਜਾਣਗੇ। ਇਹਨਾਂ ਖੇਡਾਂ ਦੀ ਉਦਘਾਟਨੀ ਰਸਮ ਅਪ੍ਰੈਲ 18 ਨੂੰ ਸ਼ਾਮ 5 ਵਜੇ ਤੋਂ ਲੈ ਕੇ 8 ਵਜੇ ਦੇ ਦਰਮਿਆਨ ਹੋਵੇਗੀ। ਅਪ੍ਰੈਲ 19 ਨੂੰ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ ਦੇ 8 ਵਜੇ ਤੱਕ ਗਰਾਊਂਡ ਦੇ ਵਿੱਚ ਖੇਡਾਂ ਦਾ ਪ੍ਰਦਰਸ਼ਨ ਹੋਵੇਗਾ। 20 ਅਪਰੈਲ ਵੀ ਇਹਨਾਂ ਖੇਡਾਂ ਦਾ ਆਖਰੀ ਦਿਨ ਹੋਵੇਗਾ ਜਿਸ ਦਿਨ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ ਦੇ 6 ਵਜੇ ਤੱਕ ਖੇਡਾਂ ਕਰਵਾਈਆਂ ਜਾਣਗੀਆਂ ਅਤੇ ਜੇਤੂ ਟੀਮਾਂ ਦਾ ਸਨਮਾਨ ਸਮਾਰੋਹ ਵੀ ਨਾਲ ਨਾਲ ਹੀ ਚਲਦਾ ਰਹੇਗਾ। ਖੇਡਾਂ ਵਿੱਚ ਪੁੱਜੇ ਦਰਸ਼ਕਾਂ ਦੇ ਲਈ ਗੁਰਦੁਆਰਾ ਸਾਹਿਬ ਵੱਲੋਂ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਹੋਰ ਵਧੇਰੇ ਜਾਣਕਾਰੀ ਦੇ ਲਈ ਗੁਰੂ ਘਰ ਦੇ ਪ੍ਰਧਾਨ ਬਲਜਿੰਦਰ ਸਿੰਘ ਗਿੱਲ ਨਾਲ 403 464 1984,ਗੁਰਜੀਤ ਸਿੰਘ ਸਿੱਧੂ 587 731 0001, ਰਵਿੰਦਰ ਸਿੰਘ ਤੰਬੜ 403 973 1515 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।



















# ਪ੍ਰਸਿੱਧ ਪੰਜਾਬੀ ਕਵੀ ਕੈਲਗਰੀ ਵਾਸੀ ਸ: ਕੇਸਰ ਸਿੰਘ ਨੀਰ ਅਕਾਲ ਚਲਾਣਾ ਕਰ ਗਏ, ਅੰਤਿਮ ਸਸਕਾਰ 13 ਅਪ੍ਰੈਲ ਨੂੰ ਹੋਵੇਗਾ






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਸਿੱਧ ਪੰਜਾਬੀ ਗਜ਼ਲਗੋ ਅਤੇ ਸਾਹਿਤਕਾਰ ਸ। ਕੇਸਰ ਸਿੰਘ ਨੀਰ 5 ਅਪ੍ਰੈਲ 2025 ਦੀ ਸਵੇਰ 2 ਵਜੇ ਇਸ ਸੰਸਾਰ ਨੂੰ ਅਲਵਿਦਾ ਆਖ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਉਹਨਾਂ ਦੇ ਸਾਹਤਿਕ ਨਜਦੀਕੀ ਸ: ਜਸਵਿੰਦਰ ਸਿੰਘ ਰੁਪਾਲ ਨੇ ਦੱਸਿਆ ਕਿ ਉਹ 92 ਵਰ੍ਹਿਆਂ ਦੇ ਸਨ। 1933 ਨੂੰ ਜਨਮੇ ਕੇਸਰ ਸਿੰਘ ਲੁਧਿਆਣੇ ਜਿਲੇ ਦੇ ਪਿੰਡ ਛੱਜਾਵਾਲ ਦੇ ਵਾਸੀ ਸਨ। ਉਨ੍ਹਾਂ ਨੂੰ ਸਕੂਲ ਸਮੇਂ ਤੋਂ ਹੀ ਕਵਿਤਾਵਾਂ ਲਿਖਣ ਦਾ ਸ਼ੌਕ ਸੀ। ਐਮ ਏ ਬੀ ਐਡ ਕਰਕੇ ਉਹ ਅਧਿਆਪਕ ਲੱਗ ਗਏ। ਉਹ ਅਧਿਆਪਕ ਸੰਘਰਸ਼ ਵਿੱਚ ਵੀ ਸਰਗਰਮ ਰਹੇ ਅਤੇ ਕਈ ਕਈ ਮਹੀਨੇ ਦੀ ਜੇਲ ਯਾਤਰਾ ਵੀ ਕੀਤੀ। ਪੰਜਾਬ ਰਹਿੰਦੇ ਹੋਏ ਉਹ ਸਾਹਿਤ ਸਭਾ ਜਗਰਾ- ਦੇ ਮੋਢੀ ਮੈਂਬਰ ਵੀ ਰਹੇ। ਕੇਂਦਰੀ ਪੰਜਾਬੀ ਲੇਖਕ ਸਭਾ ਵਿੱਚ ਵੀ ਕਾਫੀ ਯੋਗਦਾਨ ਰਿਹਾ। ਵੀਹਵੀਂ ਸਦੀ ਦੇ ਆਖਰੀ ਦਹਾਕੇ ਉਹ ਕੈਨੇਡਾ ਦੇ ਸ਼ਹਿਰ ਕੈਲਗਰੀ ਆ ਗਏ। ਇੱਥੇ ਵੀ ਸਾਹਿਤਿਕ ਗਤੀਵਿਧੀਆਂ ਵਿਚ ਸਰਗਰਮ ਰਹੇ। ਪੰਜਾਬੀ ਲਿਖਾਰੀ ਸਭਾ ਅਤੇ ਉਸ ਤੋਂ ਬਾਅਦ ਅਰਪਨ ਲਿਖਾਰੀ ਸਭਾ ਕੈਲਗਰੀ ਦੇ ਪ੍ਰਧਾਨ ਵੀ ਰਹੇ।ਉਹ ਪ੍ਰਿੰ: ਤਖਤ ਸਿੰਘ ਜੀ ਦੇ ਗ਼ਜ਼ਲ ਸਕੂਲ ਦੇ ਪ੍ਰਸਿੱਧ ਗਜ਼ਲਗੋ ਸਨ। ਉਨ੍ਹਾਂ ਨੇ ਦਰਜਨ ਤੋਂ ਵੱਧ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਜਿਨਾਂ ਵਿੱਚੋਂ ਕਾਵਿ ਸੰਗ੍ਰਹਿ ਕਸਕਾਂ (1960),ਗਮ ਨਹੀਂ (1981), ਗ਼ਜ਼ਲ ਸੰਗ੍ਰਹਿ ਕਿਰਣਾਂ ਦੇ ਬੋਲ(1989) ਅਣਵਗੇ ਅੱਥਰੂ (1996),ਕਾਵਿ ਸੰਗ੍ਰਹਿ ਆਰ ਦੀਆਂ ਤੇ ਪਾਰ ਦੀਆਂ(2010) ਅਤੇ ਮਹਿਕਾਂ ਦੀ ਪੀੜ ਗ਼ਜ਼ਲ ਸੰਗ੍ਰਹਿ ਪ੍ਰਮੁੱਖ ਹਨ। ਬਾਲ ਪੁਸਤਕਾਂ ਗਾਉਂਦੇ ਬਾਲ, ਝਿਲਮਿਲ ਝਿਲਮਿਲ ਤਾਰੇ, ਫੁੱਲ ਰੰਗ ਬਿਰੰਗੇ, ਮਿੱਠੀਆਂ ਮੁਸਕਾਨਾਂ ਰਾਹੀਂ ਬਾਲ ਸਾਹਿਤ ਵਿੱਚ ਵੀ ਆਪਣਾ ਯੋਗਦਾਨ ਪਾਇਆ ਹੈ।ਆਪ ਜੀ ਨੂੰ ਬਹੁਤ ਸਾਰੀਆਂ ਸਾਹਿਤ ਸਭਾਵਾਂ ਅਤੇ ਸੰਸਥਾਵਾਂ ਵਲੋਂ ਵੱਖ ਵੱਖ ਸਮੇ ਸਨਮਾਨਿਆ ਵੀ ਗਿਆ ਸੀ। ਜਿਨ੍ਹਾਂ ਵਿੱਚੋਂ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਸਨਮਾਨ ਨਾਲ ਨੀਰ ਸਾਹਿਬ ਦੀ ਸਾਹਿਤਿਕ ਦੇਣ ਨੂੰ ਮਾਣ ਮਿਲਿਆ। ਅਜੇ ਪਿਛਲੇ ਸਾਲ ਹੀ ਅਰਪਨ ਲਿਖਾਰੀ ਸਭਾ ਕੈਲਗਰੀ ਵੱਲੋਂ ਨਵੀ ਪਿਰਤ ਪਾਉਂਦਿਆ ਉਨ੍ਹਾਂ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਉਹ ਆਪਣੇ ਪਿੱਛੇ 4 ਬੇਟੀਆਂ ਅਤੇ 2 ਬੇਟੇ ਛੱਡ ਗਏ ਹਨ । ਵੱਖ ਵੱਖ ਸਾਹਿਤਿਕ ਅਦਾਰੇ ਅਤੇ ਲੇਖਕ ਉਨ੍ਹਾਂ ਦੇ ਪਰਿਵਾਰ ਨਾਲ ਉਨ੍ਹਾਂ ਦੇ ਵਿਛੋੜੇ ਤੇ ਦੁੱਖ ਸਾਂਝਾ ਕਰ ਰਹੇ ਹਨ। ਸਵ: ਕੇਸਰ ਸਿੰਘ ਨੀਰ ਦੀ ਮਿਰਤਕ ਦੇਹ ਦਾ ਅੰਤਿਮ ਸਸਕਾਰ 13 ਅਪ੍ਰੈਲ 2025 ਦਿਨ ਐਤਵਾਰ ਦੁਪਹਿਰ 1 ਵਜੇ ਕੰਟਰੀ ਹਿੱਲਜ ਵਾਲੇ ਫਿਊਨਰਲ ਹੋਮ 11995-16 ਸਟਰੀਟ ਨਾਰਥ ਈਸਟ ਕੈਲਗਰੀ (ਅਲਬਰਟਾ) ਵਿਖੇ ਹੋਵੇਗਾ। ਅੰਤਿਮ ਸਸਕਾਰ ਉਪਰੰਤ ਸ੍ਰੀ ਸਹਿਜ ਪਾਠ ਦੇ ਭੋਗ ਗੁਰੂ ਨਾਨਕ ਸਿੱਖ ਸੋਸਾਇਟੀ 739-81 ਸਟਰੀਟ ਸਾਊਥ ਵੈਸਟ ਕੈਲਗਰੀ ਵਿਖੇ ਪਾਏ ਜਾਣਗੇ।

# ਅਮਰੀਕਾ ਨਾਲ ਨਜ਼ਦੀਕੀ ਸਹਿਯੋਗ, ਭਾਈਵਾਲੀ, ਨੌਕਰੀਆਂ ਵਿਚ ਵਾਧਾ ਅਤੇ ਖੁਸ਼ਹਾਲੀ ਦਾ ਸਮਾਂ ਖਤਮ ਹੋ ਚੁੱਕਾ ਹੈ-ਕਾਰਨੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਵਿਦੇਸ਼ਾਂ ਚ ਤਿਆਰ ਹੋ ਕੇ ਅਮਰੀਕਾ ਚ ਇੰਪੋਰਟ ਹੁੰਦੀਆਂ ਗੱਡੀਆਂ ਉੱਪਰ ਲਗਾਏ ਗਏ 25 ਫੀਸਦੀ ਟੈਰਫਾਂ ਤੋਂ ਇਲਾਵਾ ਕੈਨੇਡਾ ਅਮਰੀਕਾ ਅਤੇ ਮੈਕਸੀਕੋ ਸਮਝੌਤੇ ਤੋਂ ਬਾਹਰਲੀਆਂ ਵਸਤਾਂ ਉੱਪਰ ਟੈਰੀਫ਼ ਲਗਾਏ ਜਾਣ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕਕਾਰਨੀ ਨੇ ਅਮਰੀਕਾ ਵੱਲੋਂ ਲਗਾਏ ਗਏ ਟੈਰਫਾਂ ਦੇ ਹਰੇਕ ਡਾਲਰ ਦੇ ਬਦਲੇ ਬਰਾਬਰ ਦੇ ਹੀ ਟੈਰਿਫ ਲਗਾਉਣ ਦਾ ਐਲਾਨ ਕਰ ਦਿੱਤਾ ਹੈ। ਇਸ ਦੇ ਨਾਲ ਹੀ ਉਹਨਾਂ ਆਖਿਆ ਕਿ ਇਹਨਾਂ ਟੈਰੀਫ਼ਾਂ ਦੇ ਨਾਲ ਕੈਨੇਡਾ ਨੂੰ ਮਿਲਣ ਵਾਲੇ ਲਗਭਗ ਅੱਠ ਬਿਲੀਅਨ ਡਾਲਰ ਆਟੋ ਇੰਡਸਟਰੀ ਅਤੇ ਇਸਦੇ ਵਰਕਰਾਂ ਲਈ ਦਿੱਤੇ ਜਾਣਗੇ ਉਹਨਾਂ ਨਾਲ ਹੀ ਦੱਸਿਆ ਕਿ ਇਹ ਅੱਠ ਬਿਲੀਅਨ ਡਾਲਰ ਉਹਨਾਂ ਦੋ ਬਿਲੀਅਨ ਡਾਲਰਾਂ ਤੋਂ ਵੱਖਰੇ ਹੋਣਗੇ ਜੋ ਪਿਛਲੇ ਹਫਤੇ ਆਟੋ ਇੰਡਸਟਰੀ ਵਾਸਤੇ ਐਲਾਨੇ ਗਏ ਸਨ ਤਾਂ ਕਿ ਕੈਨੇਡਾ ਦੀ ਆਟੋ ਇੰਡਸਟਰੀ ਨੂੰ ਆਤਮ ਨਿਰਭਰ ਬਣਾਇਆ ਜਾ ਸਕੇ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਖਿਆ ਹੈ ਕਿ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਕੈਨੇਡਾ ਅਤੇ ਅਮਰੀਕਾ ਦੇ ਜੋ ਗੂੜੇ ਸਬੰਧ ਸਨ ਉਹ ਹੁਣ ਬੀਤੇ ਵਕਤ ਦੀ ਗੱਲ ਹੋ ਚੁੱਕੀ ਹੈ ਉਹਨਾਂ ਆਖਿਆ ਕਿ ਅਮਰੀਕਾ ਨਾਲ ਨਜ਼ਦੀਕੀ ਸਹਿਯੋਗ, ਭਾਈਵਾਲੀ, ਨੌਕਰੀਆਂ ਵਿੱਚ ਵਾਧਾ ਅਤੇ ਖੁਸ਼ਹਾਲੀ ਦਾ ਸਮਾਂ ਖਤਮ ਹੋ ਚੁੱਕਾ ਹੈ ਉਹਨਾਂ ਆਖਿਆ ਕਿ ਇਹ ਦੁਖਦਾਈ ਹੈ ਪਰ ਇਹੀ ਸੱਚਾਈ ਹੈ। ਉਹਨਾਂ ਨਾਲ ਹੀ ਆਖਿਆ ਕਿ ਕੈਨੇਡਾ ਆਪਣੇ ਹਮਖਿਆਲੀ ਦੇਸ਼ਾਂ ਦੇ ਨਾਲ ਜੋ ਫਰੀ ਟਰੇਡ ਜਾਂ ਮੁਕਤ ਵਪਾਰ ਵਿੱਚ ਵਿਸ਼ਵਾਸ ਕਰਦੇ ਹਨ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹੈ ਅਤੇ ਜੇਕਰ ਅਮਰੀਕਾ ਇਸ ਮਾਮਲੇ ਵਿੱਚ ਲੀਡਰਸ਼ਿਪ ਵਾਲਾ ਰੋਲ ਅਦਾ ਨਹੀਂ ਕਰਨਾ ਚਾਹੁੰਦਾ ਤਾਂ ਇਹ ਰੋਲ ਕੈਨੇਡਾ ਨਿਭਾਵੇਗਾ





















# ਟਰੰਪ ਜੋ ਮਰਜੀ ਕਹੇ ਪਰ ਸਾਡੇ ਪ੍ਰੀਮੀਅਰ ਤਾਂ ਇੰਝ ਸੋਚਦੇ ਨੇ!

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਐਬੀ ਨੇ ਆਖਿਆ ਕਿ ਡੋਨਲਡ ਟਰੰਪ ਦੇ ਬਿਆਨਾਂ ਨਾਲ ਕੈਨੇਡਾ ਵਿੱਚ ਲਗਾਤਾਰ ਅਨਿਸ਼ਚਿਤਤਾ ਵਾਲਾ ਮਾਹੌਲ ਬਣਿਆ ਹੋਇਆ ਹੈ ਪਰ ਉਹਨਾਂ ਇਸ ਗੱਲ ਤੇ ਕੁੱਝ ਤਸੱਲੀ ਪ੍ਰਗਟ ਕੀਤੀ ਕਿ ਡੋਨਲਡ ਟਰੰਪ ਵੱਲੋਂ ਕੈਨੇਡਾ ਬਾਰੇ ਗੱਲ ਕਰਨ ਦਾ ਢੰਗ ਤਰੀਕਾ ਬਦਲਿਆ ਹੈ ਅਤੇ ਜਿਸ ਤਰ੍ਹਾਂ ਉਹਨਾਂ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨਾਲ ਗੱਲ ਕੀਤੀ ਹੈ। ਉਹ ਵੀ ਟਰੰਪ ਦੇ ਬਦਲੇ ਹੋਏ ਅੰਦਾਜ਼ ਨੂੰ ਦਰਸਾਉਂਦੀ ਹੈ। ਉਹਨਾਂ ਆਖਿਆ ਕਿ ਦੋਹਾਂ ਲੀਡਰਾਂ ਦੇ ਸੰਬੰਧਾਂ ਵਿੱਚ ਜੋ ਇੱਕ ਉਸਾਰੂ ਪਹਿਲ ਕਦਮੀ ਹੋਈ ਹੈ ਉਸ ਨਾਲ ਉਮੀਦ ਹੈ ਕਿ ਸਥਿਤੀਆਂ ਕੁੱਝ ਠੀਕ ਹੋਣਗੀਆਂ ਉਹਨਾਂ ਉਮੀਦ ਜਾਹਿਰ ਕੀਤੀ ਕਿ ਦੋਵੇਂ ਆਗੂ ਸਿਆਣਿਆਂ ਵਾਂਗੂ ਬੈਠ ਕੇ ਮਸਲਿਆਂ ਦਾ ਹੱਲ ਕੱਢ ਲੈਣਗੇ। ਟਰੰਪ ਵੱਲੋਂ ਲਗਾਏ ਗਏ ਟੈਰੀਫਾਂ ਤੇ ਟਿੱਪਣੀ ਕਰਦਿਆਂ -ਟੈਰੀ- ਦੇ ਪ੍ਰੀਮੀਅਰ ਡਗ ਫੋਰਡ ਨੇ ਆਖਿਆ ਹੈ ਕਿ ਟਰੰਪ ਦੇ ਟੈਰਿਫ ਚਿੱਕੜ ਵਰਗੇ ਸਾਫ ਨਜ਼ਰ ਆ ਰਹੇ ਹਨ ਉਹਨਾਂ ਆਖਿਆ ਕਿ ਮੈਂ ਪਹਿਲਾਂ ਤੋਂ ਹੀ ਕਹਿੰਦਾ ਆ ਰਿਹਾ ਹਾਂ ਕਿ ਟਰੰਪ ਦਾ ਇਹ ਲਿਬਰੇਸ਼ਨ ਡੇਅ ਨਹੀਂ ਸੀ ਸਗੋਂ ਟਰਮੀਨੇਸ਼ਨ ਡੇਅ ਹੈ ਉਹਨਾਂ ਨਾਲ ਹੀ ਆਖਿਆ ਕਿ ਕੈਨੇਡਾ ਉੱਪਰ ਟੈਰਿਫ ਲਗਾਉਣ ਦਾ ਮਤਲਬ ਅਮਰੀਕਾ ਦੇ ਲੋਕਾਂ ਲਈ ਪਰੇਸ਼ਾਨੀ ਪੈਦਾ ਕਰਨਾ ਹੈ

# ਵੈਨਕੋਵਰ ਹਵਾਈ ਅੱਡੇ ਉਪਰੋਂ ਡੇਢ ਕੁਵਿੰਟਲ ਡਰੱਗ ਫੜੀ ਗਈ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਵੈਨਕੂਵਰ ਹਵਾਈ ਅੱਡੇ ਤੋਂ ਕੈਨੇਡਾ ਬਾਰਡਰ ਸਰਵਿਸ ਏਜੰਸੀ ਵੱਲੋਂ ਲਗਭਗ ਡੇਢ ਕੁਇੰਟਲ ਡਰੱਗਸ ਫੜੀ ਗਈ ਹੈ ਜੋ ਕਿ ਆਸਟਰੇਲੀਆ ਤੇ ਹੋਰਨਾ ਦੇਸ਼ਾਂ ਨੂੰ ਐਕਸਪੋਰਟ ਕੀਤੀ ਜਾ ਰਹੀ ਸੀ। ਕੈਨੇਡਾ ਬਾਰਡਰ ਸਰਵਿਸ ਏਜੰਸੀ ਦੀ ਡਾਇਰੈਕਟਰ ਨੀਨਾ ਪਟੇਲ ਨੇ ਦੱਸਿਆ ਹੈ ਕਿ ਏਅਰਪੋਰਟ ਤੋਂ ਜੋ ਡਰਗਸ ਫੜੀਆਂ ਗਈਆਂ ਹਨ ਉਹ ਵੱਖ-ਵੱਖ ਯਾਤਰੀਆਂ ਦੇ ਸਮਾਨ ਦੀ ਤਲਾਸ਼ ਅਤੇ ਵੱਖ ਵੱਖ ਸਮੇਂ ਤੇ ਫੜੀਆਂ ਗਈਆਂ ਹਨ ਉਹਨਾਂ ਆਖਿਆ ਕਿ ਇਹ ਡਰਗਸ ਆਸਟਰੇਲੀਆ ਤੋਂ ਇਲਾਵਾ ਨਿਊਜ਼ੀਲੈਂਡ ਅਤੇ ਹਾਂਗਕਾਂਗ ਭੇਜੀਆਂ ਜਾ ਰਹੀਆਂ ਸਨ। ਉਹਨਾਂ ਨਾਲ ਹੀ ਆਖਿਆ ਕਿ ਸੀਬੀਐਸਏ ਦੇ ਅਧਿਕਾਰੀਆਂ ਵੱਲੋਂ ਘਰੇਲੂ ਅਤੇ ਅੰਤਰਰਾਸ਼ਟਰੀ ਅਪਰਾਧੀਆਂ ਵੱਲੋਂ ਕੀਤੀ ਜਾ ਰਹੀ ਨਸ਼ਾ ਤਸਕਰੀ ਨੂੰ ਰੋਕਣ ਵਾਸਤੇ ਸਿਰ ਤੋੜ ਯਤਨ ਕੀਤੇ ਜਾ ਰਹੇ ਹਨ। ਉਹਨਾਂ ਨਾਲ ਹੀ ਦੱਸਿਆ ਕਿ ਵੱਖ-ਵੱਖ ਯਾਤਰੀਆਂ ਦੇ ਸਮਾਨ ਦੀ ਤਲਾਸ਼ੀ ਦੌਰਾਨ ਫੜੀਆਂ ਗਈਆਂ ਡਰੱਗਸ ਦੀ ਕੀਮਤ 5 ਲੱਖ ਡਾਲਰ ਦੇ ਕਰੀਬ ਬਣਦੀ ਹੈ। ਉਹਨਾਂ ਆਖਿਆ ਕਿ ਇਸ ਮਾਮਲੇ ਵਿੱਚ ਛੇ ਯਾਤਰੀਆਂ ਨੂੰ ਗਿਰਫਤਾਰ ਕੀਤਾ ਗਿਆ ਜੋ ਕਿ ਹੁਣ ਆਰਸੀਐਮਪੀ ਦੀ ਹਿਰਾਸਤ ਵਿੱਚ ਹਨ।

## ਟਰੰਪ ਦੇ ਟੈਰਿਫਾਂ ਦੀ ਮਾਰ ਟੈਸਲਾ ਨੂੰ ਪੈ ਰਹੀ ਹੈ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਇਲੈਕਟ੍ਰਿਕ ਵਾਹਨ ਰੀਬੇਟ ਪ੍ਰੋਗਰਾਮ ਤਹਿਤ ਟੈਸਲਾ ਲਈ ਭੁਗਤਾਨ ਨੂੰ ਰੋਕ ਦਿੱਤਾ ਗਿਆ ਹੈ,ਕਿਉਂਕਿ ਸਰਕਾਰ ਇਹ ਜਾਂਚ ਕਰ ਰਹੀ ਹੈ ਕਿ ਉਹ ਵੈਲਿਡ ਹੈ ਜਾਂ ਨਹੀਂ। ਟਰਾਂਸਪੋਰਟ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਲੈਕਟ੍ਰਿਕ ਵਾਹਨਾਂ ਲਈ ਭਵਿੱਖ ਦੇ ਪ੍ਰੋਤਸਾਹਨ ਪ੍ਰੋਗਰਾਮਾਂ ਲਈ ਯੋਗਤਾ ਪੈਮਾਨੇ ਬਦਲ ਦਿੱਤੇ ਜਾਣਗੇ ਜਿਸ ਨਾਲ ਕਿ ਟੈਸਲਾ ਉਦੋਂ ਤੱਕ ਅਯੋਗ ਹੋਵੇਗੀ ਜਦੋਂ ਤੱਕ ਕੈਨੇਡਾ ਖਿਲਾਫ ਅਮਰੀਕੀ ਟੈਰਿਫ ਲਾਗੂ ਰਹਿਣਗੇ।

# ਐਨ ਡੀ ਪੀ ਲੀਡਰ ਜਗਮੀਤ ਸਿੰਘ ਕਹਿੰਦਾ ਕਿ ਵਿਕਟਰੀ ਬਾਂਡ ਸ਼ੁਰੂ ਕਰ ਲਈਏ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਟਰੰਪ ਦੇ ਟੈਰੀਫਾਂ ਤੇ ਗੱਲ ਕਰਦਿਆਂ ਹੋਇਆਂ ਐਨਡੀਪੀ ਲੀਡਰ ਜਗਮੀਤ ਸਿੰਘ ਨੇ ਆਖਿਆ ਹੈ ਕਿ ਅੱਜ ਲੋੜ ਹੈ ਕਿ ਦੂਜੇ ਵਿਸ਼ਵ ਯੁੱਧ ਦੇ ਦੌਰਾਨ ਸ਼ੁਰੂ ਕੀਤੇ ਗਏ ਵਿਕਟਰੀ ਬਾਂਡ ਨੂੰ ਫਿਰ ਤੋਂ ਸ਼ੁਰੂ ਕੀਤਾ ਜਾਵੇ ਤਾਂ ਕਿ ਕੈਨੇਡਾ ਦੀ ਆਰਥਿਕਤਾ ਨੂੰ ਮਜਬੂਤ ਕੀਤਾ ਜਾ ਸਕੇ ਉਹਨਾਂ ਆਖਿਆ ਕਿ ਜੇਕਰ ਸਾਡੀ ਸਰਕਾਰ ਬਣਦੀ ਹੈ ਤਾਂ ਕਨੇਡੀਅਨ ਕੈਨੇਡਾ ਦੇ ਲੋਕ 5 ਜਾਂ 10 ਸਾਲ ਦੇ ਬਾਂਡ ਖਰੀਦ ਸਕਣਗੇ ਅਤੇ ਜੇਕਰ ਇਹ ਬਾਂਡ ਉਸ ਦੀ ਮਚਿ-ਰਟੀ ਤੱਕ ਰੱਖੇ ਜਾਣਗੇ ਤਾਂ ਉਸ ਤੋਂ ਹੋਈ ਆਮਦਨ ਟੈਕਸ ਫਰੀ ਹੋਵੇਗੀ ਉਹਨਾਂ ਆਖਿਆ ਕਿ ਇਹਨਾਂ ਵਿਕਟਰੀ ਬਾਂਡ ਦੇ ਨਾਲ ਇਕੱਠੀ ਹੋਈ ਰਾਸ਼ੀ ਨੂੰ ਹੈਲਥ ਕੇਅਰ ਇੰਫਰਾਸਟਰਕਚਰ ਤੇ ਕੈਨੇਡਾ ਦੀ ਆਰਥਿਕਤਾ ਦੇ ਹੋਰ ਖੇਤਰਾਂ ਵਿੱਚ ਨਿਵੇਸ਼ ਕੀਤਾ ਜਾਵੇਗਾ ਜੋ ਟਰੰਪ ਵੱਲੋਂ ਸ਼ੁਰੂ ਕੀਤੀ ਗਈ ਵਪਾਰਕ ਜੰਗ ਕਾਰਨ ਪ੍ਰਭਾਵਿਤ ਹੋਣਗੇ

## ਲਿਬਰਲ ਉਮੀਂਦਵਾਰ ਨੂੰ ਉਸਦੀ ਬਿਆਨਬਾਜ਼ੀ ਲੈ ਬੈਠੀ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਦੀ ਮਾਰਖਮ - ਯੂਨੀਅਨਵਿਲੇ ਸੀਟ ਤੋਂ ਐਮਪੀ ਅਤੇ ਲਿਬਰਲ ਪਾਰਟੀ ਦੇ ਉਮੀਦਵਾਰ ਪੌਲ ਚੀਐਂਗ ਚੋਣਾਂ ਤੋਂ ਪਿੱਛੇ ਹਟ ਗਏ ਹਨ ਕਿਉਂਕਿ ਉਹਨਾਂ ਵੱਲੋਂ ਦਿੱਤੇ ਬਿਆਨ ਕਾਰਨ ਦੇਸ਼ ਭਰ ਵਿੱਚ ਉਹਨਾਂ ਦਾ ਵਿਰੋਧ ਹੋ ਰਿਹਾ ਸੀ ਜਿਸ ਦਾ ਨੁਕਸਾਨ ਲਿਬਰਲ ਪਾਰਟੀ ਨੂੰ ਵੀ ਹੋ ਰਿਹਾ ਸੀ। ਵਰਨਣ ਯੋਗ ਹੈ ਕਿ ਚੀਐਂਗ ਨੇ ਇੱਕ ਚੀਨੀ ਭਾਸ਼ਾ ਦੀ ਅਖਬਾਰ ਨੂੰ ਇੰਟਰਵਿਊ ਦਿੰਦਿਆਂ ਆਖਿਆ ਸੀ ਕਿ ਉਹਨਾਂ ਦੇ ਵਿਰੋਧੀ ਕੰਜਰਵਟਿਵ ਪਾਰਟੀ ਦੇ ਜੋਅ ਟੇਅ ਨੂੰ ਚੀਨੀ ਕੌਂਸਲੇਟ ਵਿੱਚ ਦੇ ਦੇਣਾ ਚਾਹੀਦਾ ਹੈ ਅਤੇ ਇਸ ਦੇ ਬਦਲੇ ਵਿੱਚ ਉਹਨਾਂ ਤੇ ਰੱਖਿਆ ਗਿਆ ਇੱਕ ਲੱਖ 83,000 ਡਾਲਰ ਦਾ ਇਨਾਮ ਜੋ ਕਿ ਹਾਂਗਕਾਂਗ ਪੁਲਿਸ ਵੱਲੋਂ ਰੱਖਿਆ ਗਿਆ ਸੀ ਲੈ ਲੈਣਾ ਚਾਹੀਦਾ ਹੈ ਚੀਐਂਗ ਨੇ ਆਪਣੇ ਇਸ ਬਿਆਨ ਲਈ ਮਾਫੀ ਵੀ ਮੰਗ ਲਈ ਸੀ ਪਰ ਕੰਜਰਵਟਿਵ ਪਾਰਟੀ ਨੇ ਆਖਿਆ ਸੀ ਕਿ ਸਿਰਫ ਮਾਫੀ ਮੰਗਣਾ ਹੀ ਕਾਫੀ ਨਹੀਂ ਹੈ ਹਾਲਾਂਕਿ ਫੈਡਰਲ ਲਿਬਰਲ ਲੀਡਰ ਮਾਰਕ ਕਾਰਨੀ ਵੱਲੋਂ ਚੀਐਂਗ ਦਾ ਸਮਰਥਨ ਕੀਤਾ ਗਿਆ ਸੀ।

# ਅਮਰੀਕੀ ਦੂਤਵਾਸ ਨੇ ਭਾਰਤ ਵਿੱਚ 2000 ਵੀਜ਼ਾ ਅਪੌਇੰਟਮੈਂਟਾਂ ਰੱਦ ਕੀਤੀਆਂ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਵਿੱਚ ਅਮਰੀਕੀ ਦੂਤਾਵਾਸ ਨੇ ਕਿਹਾ ਹੈ ਕਿ ਉਨ੍ਹਾਂ ਦੀ ਟੀਮ ਨੇ ਬੋਟਸ (ਕੰਪਿਊਟਰ ਪ੍ਰੋਗਰਾਮ) ਰਾਹੀਂ ਹਾਸਲ ਕੀਤੀਆਂ ਗਈਆਂ ਲਗਪਗ 2,000 ਵੀਜ਼ਾ ਅਪੌਇੰਟਮੈਂਟਾਂ ਨੂੰ ਰੱਦ ਕਰ ਦਿੱਤਾ ਹੈ। ਇਸ ਦੇ ਨਾਲ ਹੀ ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਏਜੰਟਾਂ ਵੱਲੋਂ ਧੋਖੇ ਨਾਲ ਹਾਸਲ ਕੀਤੀਆਂ ਅਪੌਇੰਟਮੈਂਟ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ ਤੇ ਭ੍ਰਿਸ਼ਟਾਚਾਰ ਖ਼ਿਲਾਫ਼ ਜ਼ੀਰੋ ਟੋਲਰੈਂਸ ਨੀਤੀ ਅਪਣਾਈ ਗਈ ਹੈ। ਇਹ ਜਾਣਕਾਰੀ ਅਮਰੀਕੀ ਦੂਤਾਵਾਸ ਨੇ X 'ਤੇ ਇੱਕ ਪੋਸਟ ਸਾਂਝੀ ਕਰਦਿਆਂ ਜਾਣਕਾਰੀ ਦਿੱਤੀ ਹੈ। ਇੱਕ ਸੀਨੀਅਰ ਅਮਰੀਕੀ ਅਧਿਕਾਰੀ ਨੇ ਵੀ ਇਸ ਦੀ ਪੁਸ਼ਟੀ ਵੀ ਕੀਤੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਵੀਜ਼ਾ ਲਈ ਭਾਰਤ ਤੋਂ ਤਾਰੀਕ ਲੈਣ ਲਈ ਲੋਕਾਂ ਨੂੰ ਲੰਮਾ ਇੰਤਜ਼ਾਰ ਕਰਨਾ ਪੈਂਦਾ ਹੈ ਜਿਸ ਕਾਰਨ ਲੋਕ ਏਜੰਟਾਂ ਕੋਲ ਜਾਂਦੇ ਹਨ ਤੇ ਏਜੰਟ ਇੱਕ ਵਿਅਕਤੀ ਦੀ ਅਪੌਇੰਟਮੈਂਟ ਲੈਣ ਲਈ ਵੀਹ ਹਜ਼ਾਰ ਰੁਪਏ ਦੇ ਲਗਪਗ ਲੈਂਦੇ ਹਨ ਤੇ ਉਨ੍ਹਾਂ ਵਲੋਂ ਰੋਬੋਟ 'ਤੇ ਕੰਪਿਊਟਰੀ ਪ੍ਰੋਗਰਾਮ ਜ਼ਰੀਏ ਇਹ ਤਰੀਕਾਂ ਹਾਸਲ ਕੀਤੀਆਂ ਜਾਂਦੀਆਂ ਹਨ ਜਿਸ ਪ੍ਰਤੀ ਅਮਰੀਕਾ ਨੇ ਸਖਤੀ ਕੀਤੀ ਹੈ।

# ਸ਼ਾਇਦ ਹੁਣ ਪੂਤਿਨ ਭਾਰਤ ਵੀ ਗੇੜੀ ਮਾਰ ਆਵੇ !

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਇਸ ਸਾਲ ਭਾਰਤ ਦਾ ਦੌਰਾ ਕਰਣਗੇ । ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਾਰਤ ਆਉਣ ਦੇ ਸੱਦੇ ਨੂੰ ਸਵੀਕਾਰ ਕਰ ਲਿਆ ਹੈ ਅਤੇ ਇਸ ਲਈ ਤਿਆਰੀਆਂ ਚੱਲ ਰਹੀਆਂ ਹਨ। ਇਹ ਜਾਣਕਾਰੀ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਸਾਂਝੀ ਕੀਤੀ। ਰੂਸੀ ਅੰਤਰਰਾਸ਼ਟਰੀ ਮਾਮਲਿਆਂ ਦੀ ਪਰਿਸ਼ਦ ਵੱਲੋਂ ਰੂਸ ਅਤੇ ਭਾਰਤ ਸਬੰਧਾਂ ਬਾਰੇ ਕਰਵਾਏ ਸਮਾਗਮ ਦੌਰਾਨ ਇਹ ਜਾਣਕਾਰੀ ਲਾਵਰੋਵ ਨੇ ਦਿੰਦਿਆਂ ਕਿਹਾ ਕਿ ਪੂਤਿਨ ਦੇ ਭਾਰਤ ਦੌਰੇ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਹਾਲਾਂਕਿ, ਉਨ੍ਹਾਂ ਦੌਰੇ ਦੀਆਂ ਤਰੀਕਾਂ ਦਾ ਖੁਲਾਸਾ ਨਹੀਂ ਕੀਤਾ।ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੁਲਾਈ 2024 ਵਿੱਚ ਰੂਸ ਦਾ ਦੌਰਾ ਕੀਤਾ ਸੀ। ਇਸ ਦੌਰੇ ਦੌਰਾਨ ਮੋਦੀ ਨੇ ਪੂਤਿਨ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਸੀ।

# ਕੈਲਗਰੀ ਵਿੱਚ ਗੋਲੀਬਾਰੀ ਦੌਰਾਨ ਔਰਤ ਜ਼ਖਮੀ,ਦੋ ਸ਼ੱਕੀ ਪੁਲਿਸ ਨੇ ਫੜੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਹਫਤੇ ਕੈਲਗਰੀ ਦੇ ਨੌਰਥ ਵੈਸਟ ਵਿੱਚ ਹੋਈ ਗੋਲੀਬਾਰੀ ਵਿੱਚ ਇੱਕ ਮਹਿਲਾ ਜ਼ਖਮੀ ਹੋਈ ਹੈ। ਕੈਲਗਰੀ ਪੁਲਿਸ ਨੇ ਇਸ ਵਾਰਦਾਤ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਵਾਰਦਾਤ ਮੈਮੋਰੀਅਲ ਡਰਾਈਵ ਨੌਰਥ ਵੈਸਟ ਵਿੱਚ ਵਾਪਰੀ ਜਿੱਥੇ ਇੱਕ ਮਹਿਲਾ ਨੂੰ ਨਿਸ਼ਾਨਾ ਬਣਾ ਕੇ ਗੋਲੀਆਂ ਚਲਾਈਆਂ ਗਈਆਂ ਜੋ ਕਿ ਉਸ ਦੇ ਸਰੀਰ ਦੇ ਹੇਠਲੇ ਹਿੱਸੇ ਵਿੱਚ ਲੱਗੀਆਂ। ਗੋਲੀਬਾਰੀ ਦੀ ਸੂਚਨਾ ਮਿਲਣ ਤੇ ਮੌਕੇ ਤੇ ਪਹੁੰਚੀ ਪੁਲਿਸ ਨੇ ਥੋੜੀ ਦੇਰ ਬਾਅਦ ਹੀ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਿਨਾਂ ਬਾਰੇ ਮੰਨਿਆ ਜਾ ਰਿਹਾ ਹੈ ਕਿ ਗੋਲੀਬਾਰੀ ਉਹਨਾਂ ਨੇ ਹੀ ਕੀਤੀ ਹੈ। ਪੁਲਿਸ ਦਾ ਮੰਨਣਾ ਹੈ ਕਿ ਇਹ ਗੋਲੀਬਾਰੀ ਮਿਥ ਕੇ ਕੀਤੀ ਗਈ ਹੈ ਗੋਲੀਬਾਰੀ ਹੋਣ ਉਪਰੰਤ ਕਈ ਘੰਟਿਆਂ ਤੱਕ ਪੁਲਿਸ ਦੇ ਅਧਿਕਾਰੀ ਅਧਿਕਾਰੀ ਘਟਨਾ ਸਥਾਨ' ਤੇ ਜਾਂਚ ਕਰਦੇ ਨਜ਼ਰ ਆਏ।

# ਹੈਂ ! ਕਨੇਡਾ ਨੂੰ ਮੂਰਖ ਦੇਸ਼ ਕਹਿਣ ਵਾਲਿਆਂ ਨਾਲ ਡੈਨੀਅਲ ਸਮਿੱਥ ਸਟੇਜ ਸਾਂਝੀ ਕਰ ਰਹੈ ਐ !!

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਭਾਰੀ ਆਲੋਚਨਾ ਦੇ ਬਾਵਜੂਦ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਬੀਤੇ ਦਿਨੀ ਅਮਰੀਕਾ ਦੇ ਫਲੋਰੀਡਾ ਵਿੱਚ ਹੋਏ ਇੱਕ ਫ਼ੰਡਰੇਜ਼ਿੰਗ ਸਮਾਗਮ ਵਿੱਚ ਸ਼ਾਮਿਲ ਹੋਏ, ਜਿੱਥੇ ਉਹਨਾਂ ਨੇ ਅਮਰੀਕਾ ਦੇ ਪ੍ਰਸਿੱਧ ਮੀਡੀਆ ਹੋਸਟ ਬੈਨ ਸ਼ਪੀਰੋ ਨਾਲ ਮੰਚ ਸਾਂਝਾ ਕੀਤਾ । ਡੈਨੀਅਲ ਸਮਿਥ ਵੱਲੋਂ ਆਪਣੇ ਇਸ ਦੌਰੇ ਦਾ ਬਚਾਅ ਕੀਤਾ ਜਾ ਰਿਹਾ ਹੈ । ਡੈਨੀਅਲ ਸਮਿਥ ਨੇ ਸ਼ੋਸਲ ਮੀਡੀਆ ਐਕਸ ਉਪਰ ਪਾਈ ਪੋਸਟ ਵਿੱਚ ਆਖਿਆ ਕਿ ਸ਼ਪੀਰੋ ਨਾਲ ਉਹਨਾਂ ਦੀ ਗੱਲਬਾਤ ਬਹੁਤ ਹੀ ਅਰਥ ਭਰਪੂਰ ਰਹੀ ਅਤੇ ਦੋਹਾਂ ਨੇ ਮੌਜੂਦਾ ਦੌਰ ਵਿੱਚ ਚੱਲ ਰਹੀ ਕੈਨੇਡਾ ਅਮਰੀਕਾ ਵਪਾਰਕ ਜੰਗ ਬਾਰੇ ਗੱਲ ਕੀਤੀ ਅਤੇ ਇਸ ਮੁੱਦੇ ਤੇ ਚਰਚਾ ਕੀਤੀ ਕਿ ਦੋਹਾਂ ਦੇਸ਼ਾਂ ਵਿਚਾਲੇ ਟੈਰਫ ਮੁਕਤ ਵਪਾਰ ਦਾ ਕਿੰਨਾ ਫਾਇਦਾ ਹੈ। ਇਸ ਦੇ ਨਾਲ ਹੀ ਡੈਨੀਅਲ ਸਮਿੱਥ ਨੇ ਆਖਿਆ ਕਿ ਮੈਂ ਹਮੇਸ਼ਾ ਅਲਬਰਟਾ ਦੇ ਭਲੇ ਲਈ ਖੜੀ ਹੋਵਾਂਗੀ ਅਤੇ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੈਂ ਹਜ਼ਾਰਾਂ ਅਮਰੀਕੀਆਂ ਤੱਕ ਆਪਣਾ ਸੁਨੇਹਾ ਪਹੁੰਚਾਉਣ ਵਿੱਚ ਕਾਮਯਾਬ ਰਹੀ ਹਾਂ ਅਤੇ ਆਉਂਦੇ ਹਫਤਿਆਂ ਵਿੱਚ ਵੀ ਮੈਂ ਸੋਸ਼ਲ ਮੀਡੀਆ ਰਾਹੀਂ ਆਪਣਾ ਸੁਨੇਹਾ ਅਮਰੀਕਾ ਦੇ ਲੋਕਾਂ ਤੱਕ ਪਹੁੰਚਾਉਂਦੀ ਰਹਾਂਗੀ । ਵਰਨਣ ਯੋਗ ਹੈ ਕਿ ਵਿਰੋਧੀ ਧਿਰ ਐਨਡੀਪੀ ਤੇ ਬਾਕੀ ਆਲੋਚਕਾਂ ਵੱਲੋਂ ਡੈਨੀਅਲ ਸਮਿਥ ਨੂੰ ਇਹ ਕਿਹਾ ਜਾਂਦਾ ਰਿਹਾ ਕਿ ਉਹ ਸ਼ਪੀਰੋ ਦੇ ਨਾਲ ਸਟੇਜ ਸਾਂਝੀ ਨਾ ਕਰਨ ਕਿਉਂਕਿ ਸ਼ਪੀਰੋ ਵੱਲੋਂ ਆਖਿਆ ਗਿਆ ਸੀ ਕਿ ਕੈਨੇਡਾ ਇੱਕ ਮੂਰਖ ਦੇਸ਼ ਹੈ ਤੇ ਉਸਨੂੰ ਅਮਰੀਕਾ ਦਾ ਇਕਵਿੰਜਵਾਂ ਸੂਬਾ ਬਣ ਜਾਣਾ ਚਾਹੀਦਾ ਹੈ।















MONARCH
AT COOPER'S CROSSING

LUXURY URBAN CONDOS
ONE, TWO & TWO BED + FLEX,
RANGING 670 – 1,198 SQ. FT.
















ਸ਼ੋਅ ਰੂਮ ਹੁਣ ਹਫਤੇ ਦੇ ਸੱਤੇ ਦਿਨ ਖੁੱਲੇ ਰਹਿੰਦੇ ਹਨ

VESTA PROPERTIES
VESTAELEVATE.COM

SALES CENTRE
#2110 - 520 Reynolds Ave, SW Airdrie
587.317.1516 | cooperscrossing@vestaproperties.com


DAWSON'S LANDING
CHESTERMERE
A QUALICO COMMUNITY
ਝੀਲਾਂ ਦੇ ਕਿਨਾਰੇ ਰਹਿਣਾ
ਗਰਮੀਆਂ ਤੋਂ ਪਹਿਲਾਂ ਮੂਵ ਹੋਵੋ
ਬੰਗਲੋਅ ਹੋਮਜ
ਫਰੰਟ ਗੈਰਾਜ ਡੁਪਲੈਕਸ
ਫਰੰਟ ਗੈਰਾਜ ਹੋਮਜ
ਡਾਸਨਜ਼ ਲੈਂਡਿੰਗ ਦੇ ਸ਼ਾਨਦਾਰ
ਹੁਣੇ ਮੂਵ ਹੋ ਸਕਣ ਵਾਲੇ ਘਰ ਲੱਭੋ
ਡਾਸਨਜ਼ ਲੈਂਡਿੰਗ ਝੀਲ ਦੇ ਕਿਨਾਰੇ ਵਾਲੇ ਸ਼ਹਿਰ ਚੈਸਟਰਮੇਅਰ ਵਿੱਚ,ਵਧ ਰਹੇ ਪਰਿਵਾਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ। ਜੋ ਭਵਿੱਖ ਵਿੱਚ ਵਧਣ ਲਈ ਜਗ੍ਹਾ, ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ, ਅਤੇ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਕੈਲਗਰੀ ਖੇਤਰ ਦੇ ਕੁੱਝ ਸਭ ਤੋਂ ਭਰੋਸੇਮੰਦ ਬਿਲਡਰਾਂ ਦੁਆਰਾ ਬਣਾਏ ਗਏ ਘਰੇਲੂ ਸ਼ੈਲੀਆਂ ਦੀ ਇੱਕ ਸ਼੍ਰੇਣੀ ਦੇ ਨਾਲ ਅਤੇ ਸੁੰਦਰ ਚੈਸਟਰਮੇਅਰ ਝੀਲ ਤੋਂ ਕੁਝ ਮਿੰਟਾਂ ਦੀ ਦੂਰੀ 'ਤੇ ਸਥਿੱਤ, ਡਾਸਨਜ਼ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜਿਸਨੂੰ ਤੁਸੀਂ ਘਰ ਕਹਿਣ 'ਤੇ ਮਾਣ ਮਹਿਸੂਸ ਕਰੋਗੇ।
ਅੱਜ ਹੀ ਮੂਵ ਹੋਵੋ
ਤੁਹਾਡਾ ਨਵਾਂ ਘਰ ਤੁਹਾਨੂੰ ਉਡੀਕ ਰਿਹਾ ਹੈ!
1 ਨੰਬਰ ਹਾਈਵੇਅ ਰਾਹੀਂ ਡਾਊਨਟਾਊਨ ਕੈਲਗਰੀ ਲਈ ਰਸਤਾ
ਪਹਿਲਾ ਰਿਹਾਇਸ਼ੀ ਭਾਈਚਾਰਾ ਜਿਸ ਵਿੱਚ ਸਟੌਰਮਵਾਟਰ ਕਿਡਨੀ ਬਣਾਈ ਗਈ ਹੈ
ਮਾਲਕ ਐਸੋਸੀਏਸ਼ਨ ਜੋ ਘਰਾਂ ਦੀਆਂ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਰੱਖਦੀ ਹੈ
• NUVISTA HOMES • STERLING HOMES
• BROADVIEW HOMES • TRICO HOMES
liveindawsonslanding.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


Ambleton
A Qualico Community
ਗਰਮੀਆਂ ਤੋਂ ਪਹਿਲਾਂ ਨਵੇਂ ਘਰ ਵਿੱਚ ਮੂਵ ਹੋਵੋ
ਆਪਣਾ ਜਲਦੀ ਕਬਜ਼ੇ ਵਾਲਾ ਘਰ ਲੱਭੋ!
ਐਂਬਲਟਨ ਕੈਲਗਰੀ ਨਾਰਥ ਈਸਟ ਦੇ ਸਭ ਤੋਂ ਉੱਤਮ ਸਥਾਨਾਂ ਨੂੰ ਇਸ ਦੀ ਵਧੀ ਹੋਈ ਕੁਦਰਤੀ ਸੈਟਿੰਗ,ਵਿਲੱਖਣ ਥਾਵਾਂ ਅਤੇ ਦ੍ਰਿਸ਼ਾਂ ਦੇ ਨਾਲ ਦਰਸਾਉਂਦਾ ਹੈ।ਖੇਡ ਮੈਦਾਨ,ਸਥਾਨਕ ਅਤੇ ਖੇਤਰੀ ਮਾਰਗ ਜਿਹੇ ਨੈਟਵਰਕ ਕਮਿਊਨਿਟੀ ਦੇ ਬਾਰੇ ਜਾਨਣ ਲਈ ਆਸਾਨ ਬਣਾਉਂਦੇ ਹਨ।ਕਾਫੀ ਪ੍ਰਚੂਨ,ਨੇੜਲੇ ਸਕੂਲ ਅਤੇ ਭਵਿੱਖ ਵਿੱਚ ਹਾਈ ਸਕੂਲ ਵੀ ਜਿਸ ਦੀ ਤੁਸੀਂ ਕਦੇ ਕਲਪਨਾ ਕੀਤੀ ਸੀ, ਐਂਬਲੇਟਨ ਕੋਲ ਉਹ ਸਭ ਕੁੱਝ ਹੈ।
ਲੇਨਡ ਹੋਮ
ਫਰੌਮ ਦੀ ਹਾਈ
$500s
ਫਰੰਟ ਗੈਰਾਜ
ਫਰੌਮ ਦੀ ਮਿੱਡ
$700s
liveinambleton.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


Vermilion Hill
ਟਾਊਨ ਹੋਮ
ਫਰੌਮ ਦੀ ਹਾਈ
$500s
ਲੇਨਡ ਹੋਮ
ਫਰੌਮ ਦੀ ਲੋਅ
$600s
ਫਰੰਟ ਗੈਰਾਜ ਹੋਮ
ਫਰੌਮ ਦੀ ਹਾਈ
$700s
ਸ਼ਹਿਰੀ ਜੀਵਨ
ਕੁਦਰਤੀ ਸੁੰਦਰਤਾ ਨੂੰ ਪੂਰਾ ਕਰਦਾ ਹੈ।
ਵਰਮਿਲੀਅਨ ਹਿੱਲ ਸਾਊਥ ਵੈਸਟ ਕੈਲਗਰੀ ਦੇ ਸਭ ਤੋਂ ਨਵੇਂ ਭਾਈਚਾਰੇ ਵਿੱਚ 5 ਤੋਂ 10 ਮਿੰਟ ਦੀ ਡਰਾਈਵ ਦੇ ਅੰਦਰ ਅੰਦਰ ਪਾਰਕ,ਮਾਰਗ,ਸਕੂਲ,ਡੇਅ ਕੇਅਰ,ਮੈਡਕਿਲ ਸੇਵਾਵਾਂ ਅਤੇ ਪ੍ਰਚੂਨ ਦੀ ਖਰੀਦਦਾਰੀ ਵਰਗੀਆਂ ਸਹੂਲਤਾਂ ਦੇ ਨਾਲ ਬੇਅੰਤ ਮਜ਼ੇ ਅਤੇ ਆਰਾਮ ਦੇ ਪਲ ਤੁਹਾਡੀ ਉਡੀਕ ਕਰ ਰਹੇ ਹਨ। ਇਸ ਤੋਂ ਇਲਾਵਾ ਇਹ ਭਾਈਚਾਰਾ ਅਲਬਰਟਾ ਦੇ ਮੁੱਖ ਕੁਦਰਤੀ ਸਰੋਤਾਂ ਬ੍ਰੈਗ ਕਰੀਕ,ਕੈਨਾਨਾਸਕਿਸ,ਫਿਸ਼ ਕਰੀਕ ਪਾਰਕ ਅਤੇ ਵੈਸਲਹੈਡ ਫਲੈਟ ਵਰਗੇ ਬਾਹਰੀ ਦਿੱਖ ਵਾਲੇ ਮੌਕੇ ਤੁਹਾਡੇ ਲਈ ਪ੍ਰਦਾਨ ਕਰਦਾ ਹੈ।
ਤੁਹਾਡੀ ਜੀਵਨਸ਼ੈਲੀ ਦੇ ਮੁਤਾਬਿਕ ਘਰ
ਐਵਾਰਡ ਜੇਤੂ ਬਿਲਡਿਰ
• NuVista Homes • Homes by Avi
• Genesis Builders • Sterling Homes
• Shane Homes • Broadview Homes
ਹੋਰ ਜਾਣਕਾਰੀ ਲਈ ਰਜਿਸਟਰ ਕਰੋ!
liveinvermilionhill.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


BHINDER EXTERIORS LTD.
BHINDER
EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com